# ਅੰਮ੍ਰਿਤ ਕੀਰਤਨ

ਅੰਕ 3 ਸਾਲ ਚੌਥਾ ਮਾਰਚ 1992



ਸੰਤ ਸਰਵਣ ਸਿੰਘ 'ਗੰਧਰਵ' ਡੁਮੇਲੀ ਵਾਲੇ

ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 3 ਸਾਲ ਚੌਥਾ ਮਾਰਚ 1992

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ-ਟ੍ਰਸਟ (ਰਜਿ.)
422 ਸੈਕਟਰ 15 ਏ
ਚੰਡੀਗੜ੍ਹ-160015
ਫੋਨ : 24660

ਚੰਦੇ ਦਾ ਵੇਰਵਾ
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ ਡਾ. ਜਾਗੀਰ ਸਿੰਘ 4
2. ਸੰਤ ਸਰਵਣ ਸਿੰਘ 'ਗੰਧਰਵ' ਡੁਮੇਲੀ ਵਾਲੇ 7
3. ਸੂਖਮ ਸੂਖਮ ਵਿਚਾਰ —ਸਰਵਣ ਸਿੰਘ 'ਗੰਧਰਵ' 8
4. ਭਾਈ ਚਾਂਦ : ਰਬਾਬੀ ਪਰੰਪਰ ਦਾ ਆਖਰੀ ਥੰਮ —ਬਲਬੀਰ ਸਿੰਘ ਕੰਵਲ 11
5. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ —ਪ੍ਰੇਮ ਸਿੰਘ ਪ੍ਰੇਮ 15
6. ਸੰਗੀਤ ਦੇ ਮੁੱਖ ਅੰਗ —ਬੇਦੀ ਲਾਲ ਸਿੰਘ ਸਾਹਿਤਕਾਰ 18
7. ਰਾਗ ਬਸੰਤ—ਪਰਿਚਯ — ਹਰਿਭਜਨ ਸਿੰਘ 25
8. ਰਾਗ ਬਸੰਤ-ਸ਼ਬਦ-ਅਰਥ ਤੇ ਸੁਰ ਲਿਪੀ ਸ੍ਰੀ ਗੁਰੂ ਅਮਰ ਦਾਸ ਰਾਗ ਰਤਨਾਵਲੀ ਵਿਚੋਂ 26
9. ਪੰਜਾਬ ਵਿਚ ਧਾਰਮਿਕ ਸੰਗੀਤ ਪਰੰਪਰਾ —ਡਾ. ਦੇਵਿੰਦਰ ਸਿੰਘ ਵਿਦਿਆਰਥੀ 30
10. Poem —The Truth

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ

—ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਭਾਰਤੀ ਸੰਗੀਤ ਵਿਚ 'ਢਾਢੀ' ਇਕ ਖਾਸ ਤਰ੍ਹਾਂ ਦਾ ਗਾਇਕ ਹੈ। ਇਹ ਜਸ ਗਾਉਣ ਲਈ ਸੰਗੀਤ ਅਤੇ ਭਾਸ਼ਾ ਦੋਹਾਂ ਨੂੰ ਸਮਿਲਤ ਰੂਪ ਪ੍ਰਯੋਗ ਕਰਦਾ ਹੈ। ਇਸ ਲਈ ਪਰਮਾਤਮਾ ਦੇ ਅਨੁਭਵ ਨੂੰ ਪ੍ਰਗਟ ਕਰਨ ਲਈ ਗੁਰੂ ਸਾਹਿਬਾਨ ਨੇ ਕੇਵਲ ਭਾਸ਼ਾ ਨੂੰ ਨਹੀਂ ਸਗੋਂ ਭਾਸ਼ਾ ਦੇ ਨਾਲ ਨਾਲ ਸੰਗੀਤ ਨੂੰ ਵੀ ਸੰਬੰਧਤ ਕੀਤਾ ਹੈ। ਇਸ ਤਰ੍ਹਾਂ ਇਹ ਅਨੁਭਵ ਜਿੱਥੇ ਸਾਧਾਰਨ ਮਨੁੱਖ ਦੀ ਪਕੜ ਵਿਚ ਆਉਣ ਦੇ ਕਾਬਿਲ ਹੋ ਗਿਆ ਉੱਥੇ ਸੰਗੀਤ ਨੇ ਇਸ ਦੀ ਪੇਸ਼ਕਾਰੀ ਨੂੰ ਤਿੱਖਾ ਅਤੇ ਗਹਿਰ ਗੰਭੀਰ ਵੀ ਬਣਾ ਦਿੱਤਾ ਹੈ। ਸੰਗੀਤ ਜਿਸ ਦਾ ਆਧਾਰ ਨਾਦ ਹੈ ਅਤੇ ਜਿਸ ਦੀ ਕਲਾ ਕਿਰਤ ਰਾਗ ਹੈ, ਦਾ ਪ੍ਰਯੋਗ ਗੁਰੂ ਕਾਵਿ ਵਿਚ ਬੜੇ ਵਿਆਪਕ ਅਤੇ ਵੰਨ ਸੁਵੰਨੇ ਰੂਪ ਵਿਚ ਹੋਇਆ ਹੈ। ਇਸ ਦੀ ਵੰਨ-ਸੁਵੰਨਤਾ ਦਾ ਆਧਾਰ ਗੁਰੂ ਕਵੀਆਂ ਦੇ ਅਨੁਭਵ ਦੀ ਵੰਨ ਸੁਵੰਨਤਾ ਤੇ ਆਧਾਰਿਤ ਹੈ। ਸਾਰੀ ਬਾਣੀ ਵਿਚ ਕਾਵਿ ਅਨੁਭਵ ਕੇਵਲ ਪਰਮਾਤਮਾ ਨਾਲ ਸੰਬੰਧਤ ਹੈ। ਪਰ ਉਸ ਪਰਮਾਤਮਾ ਦਾ ਚਿਤਵਨ ਕਈ ਰੂਪਾਂ ਵਿਚ ਕੀਤਾ ਗਿਆ ਹੈ। ਪਰਮਾਤਮਾ ਅਤੇ ਗੁਰੂ ਕਵੀ ਦਾ ਰਿਸ਼ਤਾ ਕਈ ਰੂਪ ਧਾਰਨ ਕਰਦਾ ਹੈ। ਕਿਧਰੇ ਗੁਰੂ ਕਵੀ ਦਾਰਸ਼ਨਿਕ ਬਣ ਕੇ ਪਰਮਾਤਮਾ ਦੀ ਅਗੰਮਤਾ ਨੂੰ ਅਨੁਭਵ ਕਰਦੇ ਹਨ। ਕਈ ਥਾਵਾਂ ਤੇ ਪ੍ਰੀਤਮ-ਪ੍ਰੇਮਿਕਾ, ਪਤੀ-ਪਤਨੀ, ਭਗਤ-ਇਸ਼ਟ, ਪਿਤਾ-ਪੁੱਤਰ ਆਦਿ ਰਿਸ਼ਤਿਆਂ ਰਾਹੀਂ ਉਸ ਅਨੁਭਵ ਨੂੰ ਪ੍ਰਗਟ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਹੇਠ ਲਿਖੇ ਸ਼ਬਦ ਵਿਚ ਆਪਣੇ ਅਤੇ ਪਰਮਾਤਮਾ ਦੇ ਰਿਸ਼ਤੇ ਨੂੰ ਸਮਝਾ ਰਹੇ ਹਨ :

ਹਰਣੀ ਹੋਵਾ ਬਨਿ ਵਸਾ ਕੰਦ ਮੂਲ ਚੁਣਿ ਖਾਉ।
ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ।
ਮੈ ਬਨਜਾਰਨਿ ਰਾਮ ਕੀ ਤੇਰਾ ਨਾਮੁ ਵਖਰੁ ਵਾਪਾਰੁ ਜੀ।
ਕੋਕਿਲ ਹੋਵਾ ਅੰਬਿ ਬਸਾ ਸਹਿਜ ਸਬਦ ਬੀਚਾਰੁ।
ਸਹਿਜ ਸੁਭਾਇ ਮੇਰਾ ਸਹੁ ਮਿਲੈ ਦਰਸਨ ਰੂਪਿ ਅਪਾਰੁ।
ਮਛਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ।
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ।
ਨਾਗਿਨ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ।
ਨਾਨਕ ਸਦਾ ਸੁਹਾਗਣੀ ਜਿਨ ਜੋਤੀ ਜੋਤਿ ਸਮਾਇ।[1]

ਇਸੇ ਤਰ੍ਹਾਂ ਗੁਰੂ ਕਵੀ ਪਰਮਾਤਮਾ ਨੂੰ ਵੱਖ ਵੱਖ ਸਥਿਤੀਆਂ ਵਿੱਚ ਅਨੁਭਵ ਕਰਦੇ ਹਨ। ਇਸ ਲਈ ਇਹਨਾਂ ਸਥਿਤੀਆਂ ਅਨੁਸਾਰ ਕਾਵਿ ਅਨੁਭਵ ਵਿਚ

ਅੰਤਰ ਆ ਜਾਂਦਾ ਹੈ। ਇਸ ਕਾਵਿ ਅਨੁਭਵ ਦੀ ਵਿਸ਼ੇਸ਼ਤਾ ਕਾਰਨ ਉਹਨਾਂ ਨੇ ਰਾਗ ਵੀ ਵਿਸ਼ੇਸ਼ ਹੀ ਪ੍ਰਯੋਗ ਕੀਤੇ ਹਨ। ਰਾਗ ਵੱਖ ਵੱਖ ਸੁਰਾਂ ਦੇ ਪ੍ਰਬੰਧ ਨਾਲ ਬਣਦੇ ਹਨ। ਵੱਖ ਵੱਖ ਰਾਗਾਂ ਵਿੱਚ ਵੱਖ ਵੱਖ ਸੁਰਾਂ ਦਾ ਵਧੇਰੇ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਕਾਰਨ ਰਾਗਾਂ ਦੇ ਭਾਵ ਵੀ ਬਦਲਦੇ ਰਹਿੰਦੇ ਹਨ। ਗੱਲਬਾਤ ਕਰਦਿਆਂ ਭਾਵ ਦੀ ਕਿਸਮ ਅਨੁਸਾਰ ਮਨੁੱਖੀ ਆਵਾਜ਼ ਵਿਚ ਵੀ ਤਬਦੀਲੀ ਆ ਜਾਂਦੀ ਹੈ ਅਤੇ ਕਈ ਵਾਰ ਵਾਧੂ ਆਵਾਜ਼ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਭਾਸ਼ਾ ਦੀ ਵਿਆਕਰਣ ਬਾਰੇ ਸੰਕੀਰਨ ਦ੍ਰਿਸ਼ਟੀਕੋਣ ਰੱਖਣ ਵਾਲਿਆਂ ਲਈ ਇਹ ਆਵਾਜ਼ ਕੋਈ ਅਰਥ ਭਾਵੇਂ ਨਾ ਹੀ ਰੱਖਦੀ ਹੋਵੇ ਪਰ ਜਿਵੇਂ 'ਅਭਿਨਵ ਭਾਰਤੀ'[2] ਵਿਚ ਦੱਸਿਆ ਹੈ, "ਭਾਵ ਪ੍ਰਗਟਾਵੇ ਦੇ ਸਾਧਨਾ ਵਿਚ ਨਾਦ ਦੇ ਉਸ ਰੂਪ ਦਾ ਵੀ ਮਹੱਤਵ ਪੂਰਨ ਥਾਂ ਹੈ ਜਿਹੜਾ ਵਿਆਕਰਣ ਦੀ ਦ੍ਰਿਸ਼ਟੀ ਤੋਂ ਨਿਰਾਰਥਕ ਹੁੰਦਾ ਹੈ।"

ਭਾਸ਼ਾ ਦੇ ਸਾਧਾਰਨ ਸ਼ਬਦ ਦੇ ਨਾਲ ਜਦੋਂ ਨਾਦ ਜਾਂ ਸੁਰ ਨੂੰ ਸੰਬੰਧਿਤ ਕੀਤਾ ਜਾਂਦਾ ਹੈ ਤਾਂ ਉਸ ਦੇ ਅਰਥ ਸਾਧਾਰਨ ਨਹੀਂ ਰਹਿੰਦੇ ਸਗੋਂ ਆਸਾਧਾਰਨ ਹੋ ਜਾਂਦੇ ਹਨ। ਸ਼ਬਦ ਦਾ ਉਚਾਰਨ ਮਨੁੱਖ ਦੇ ਮਨ ਦੀ ਭਾਵਨਾ ਉਪਰ ਆਧਾਰਤ ਹੁੰਦਾ ਹੈ। ਇਸ ਉਚਾਰਨ ਨਾਲ ਅਰਥਾਂ ਵਿਚ ਵੀ ਅੰਤਰ ਆ ਜਾਂਦਾ ਹੈ।

ਇਸੇ ਲਈ ਰਿਚਰਡਜ਼[3] ਦਾ ਵਿਚਾਰ ਹੈ ਕਿ ਸ਼ਬਦਾਂ ਵਿੱਚ ਕੋਈ ਅੰਤਰੀਵ, ਨਿਜੀ ਜਾਂ ਸਾਹਿਤਕ ਰੰਗ ਨਹੀਂ ਹੁੰਦਾ। ਨਾ ਕੋਈ ਸ਼ਬਦ ਕੋਝੇ ਹੁੰਦੇ ਹਨ ਨਾ ਸੁੰਦਰ, ਨਾ ਚੁੱਭਵੇਂ ਜਾਂ ਪ੍ਰਸੰਨ ਕਰਨ ਵਾਲੇ ਸਗੋਂ ਹਰ ਸ਼ਬਦ ਦੇ ਕਈ ਪ੍ਰਕਾਰ ਦੇ ਖੇਤਰ ਹਨ, ਜਿਨ੍ਹਾਂ ਵਿਚ ਅੰਤਰ ਇਉਂ ਆਉਂਦਾ ਹੈ ਕਿ ਅਸੀਂ ਉਹਨਾਂ ਨੂੰ ਕਿਵੇਂ ਲੈਂਦੇ ਹਾਂ -- ਕਿਸੇ ਸ਼ਬਦ ਦੀ ਆਵਾਜ਼ ਅਸੀਂ ਆਪਣੇ ਮਨ ਵਿਚ ਕੰਮ ਕਰ ਰਹੇ ਭਾਵ ਅਨੁਸਾਰ ਉਚਾਰਦੇ ਹਾਂ। ਠਾਕੁਰ ਜੈ ਦੇਵ ਸਿੰਘ ਨੇ ਵੀ ਇਸੇ ਲਈ ਲਿਖਿਆ ਹੈ, "ਭਾਵੇਂ ਸ਼ਬਦ ਇੱਕ ਹੀ ਹੁੰਦਾ ਹੈ ਪਰ ਫਿਰ ਵੀ ਜੇ ਉਸ ਸ਼ਬਦ ਨੂੰ ਵੱਖ ਵੱਖ ਸੁਰਾਂ ਵਿਚ ਗਾਇਆ ਜਾਵੇ ਤਾਂ ਉਹ ਭਿੰਨ ਭਿੰਨ ਭਾਵਾਂ ਨੂੰ ਵਿਅਕਤ ਕਰਦਾ ਹੈ।[4] ਮਨੁੱਖੀ ਭਾਵਾਂ ਅਤੇ ਸ਼ਬਦਾਂ ਦੇ ਉਚਾਰਨ ਸੰਬੰਧੀ ਆਵਾਜ਼ ਦੇ ਉਤਰਾਓ-ਚੜ੍ਹਾਓ ਨੂੰ ਸੰਗੀਤ ਚਿੰਤਾਮਣੀ ਵਿਚ ਬੜੇ ਸਪਸ਼ਟ ਰੂਪ ਨਾਲ ਪੇਸ਼ ਕੀਤਾ ਗਿਆ ਹੈ, "ਵਿਭਿੰਨ ਭਾਵਾਂ ਨੂੰ ਪ੍ਰਗਟ ਕਰਦੇ ਸਮੇਂ ਸਾਡੀ ਬੋਲੀ ਵਿਚ ਉਤਰਾਓ-ਚੜ੍ਹਾਓ ਦੇ ਨਾਲ ਹੀ ਸਾਡੀਆਂ ਚੇਸ਼ਟਾਵਾਂ ਅਤੇ ਪ੍ਰਯੁਕਤ ਸ਼ਬਦਾਂ ਦੀ ਗਤੀ ਵਿਚ ਵਿਵਧਤਾ ਆਉਂਦੀ ਹੈ। ਕਾਹਲੀ ਦਾ ਡਰ ਪ੍ਰਗਟ ਕਰਦਿਆਂ ਸਾਡੇ ਸ਼ਬਦਾਂ ਦੀ ਗਤੀ ਤੇਜ਼ ਹੋ ਜਾਂਦੀ ਹੈ। ਵਿਚਾਰ ਜਾਂ ਤਰਕ ਆਦਿ ਅਵਸਥਾਵਾਂ ਵਿਚ ਸਾਡੇ ਸ਼ਬਦਾਂ ਦੀ ਗਤੀ ਵਿਲੰਬਤ ਹੋ ਜਾਂਦੀ ਹੈ। ਆਮ ਉਚਾਰਨ ਵਿਚ ਸਾਡੇ ਬੋਲਾਂ ਦੀ ਗਤੀ ਮੱਧ (ਨਾ ਬਹੁਤੀ ਤੇਜ਼ ਤੇ ਨਾ ਬਹੁਤੀ ਹੌਲੀ) ਰਹਿੰਦੀ ਹੈ।[5] ★

# ਜਪੁਜੀ-ਸੈਮੀਨਾਰ

ਮਿਤੀ 2.2.1992 ਨੂੰ ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ ਵਿਖੇ ਜਪੁਜੀ ਦੇ ਵਿਭਿੰਨ ਵਿਸ਼ਿਆਂ ਉਤੇ ਇੱਕ ਦਿਨ ਦਾ ਸੈਮੀਨਾਰ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਡਾ: ਇੰਦਰਜੀਤ ਸਿੰਘ ਨੇ ਕੀਤੀ। ਇਸ ਵਿਚ ਪੰਜਾਬ ਅਤੇ ਦਿੱਲੀ ਦੇ ਪ੍ਰਸਿੱਧ ਵਿਦਵਾਨਾਂ ਨੇ ਪਰਚੇ ਪੜ੍ਹੇ। ਪ੍ਰੋ: ਪ੍ਰੀਤਮ ਸਿੰਘ ਨੇ ਆਪਣੇ ਪਰਚੇ "ਮੂਲ ਮੰਤਰ ਦਾ ਅਸਲ ਸਰੂਪ" ਵਿਚ ਵਿਦਵਾਨਾਂ ਦਾ ਧਿਆਨ ਮੂਲ ਮੰਤਰ ਦੇ ਵਿਭੰਨ ਸਰੂਪਾਂ ਵੱਲ ਦਿਵਾਇਆ, ਜਿਹੜੇ ਪੋਥੀਆਂ, ਸਾਖੀਆਂ, ਭਾਈ ਗੁਰਦਾਸ ਦੀਆਂ ਵਾਰਾਂ, ਗੁਰਬਾਣੀ ਅਤੇ ਹੋਰਨਾਂ ਥਾਈਂ ਪ੍ਰਾਪਤ ਹਨ। ਡਾ: ਹਰਨਾਮ ਸਿੰਘ ਸ਼ਾਨ ਨੇ ਆਪਣੇ ਪਰਚੇ ਵਿਚ ਜਪੁਜੀ ਸਾਹਿਬ ਨੂੰ ਸੰਸਾਰ ਸਾਹਿਤ ਦੀ ਸ੍ਰੇਸ਼ਟ ਰਚਨਾ ਮੰਨਦਿਆਂ ਇਸ ਵਿਚ ਪ੍ਰਾਪਤ ਆਤਮਕ ਅਤੇ ਮਾਨਸਿਕ ਵਿਕਾਸ ਨੂੰ ਉਜਾਗਰ ਕੀਤਾ। ਡਾ. ਰਾਮ ਸਿੰਘ (ਚੰਡੀਗੜ੍ਹ) ਨੇ ਜਪੁਜੀ ਦੇ ਪੰਜ ਖੰਡਾਂ ਦੀ ਆਤਮ ਯਾਤਰਾ ਨੂੰ ਦਰਸਾਇਆ। ਡਾ: ਜੋਗਿੰਦਰ ਸਿੰਘ (ਪਟਿਆਲਾ) ਨੇ ਸਚਿਆਰ ਦੇ ਸੰਕਲਪ ਨੂੰ ਸਪਰਸ਼ ਕੀਤਾ। ਡਾ: ਤ੍ਰਿਲੋਕ ਸਿੰਘ 'ਕੰਵਰ' ਦਿੱਲੀ ਨੇ ਗੁਰੂ ਨਾਨਕ ਦਾ ਰੂਪਾਂਤਰਣ ਸਿਧਾਂਤ ਵਿਸ਼ੇ ਤੇ ਪਰਚਾ ਪੜ੍ਹਿਆ। ਡਾ: ਗੁਤਚਰਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਧਰਮ ਦ੍ਰਿਸ਼ਟੀ ਨੂੰ ਜਪੁਜੀ ਦੇ ਆਧਾਰ ਉਤੇ ਨਿਰੂਪਣ ਕੀਤਾ। ਡਾ: ਜਗਜੀਤ ਸਿੰਘ ਜੀ ਨੇ ਜਪੁਜੀ ਸਾਹਿਬ ਵਿਚ ਪ੍ਰਾਪਤ ਨਾਮ ਦੇ ਸੰਕਲਪ ਨੂੰ ਸਪਰਸ਼ ਕੀਤਾ। ਹਰ ਇਕ ਪਤਚੇ ਪਿਛੋਂ ਭਰਵੀਂ ਬਹਿਸ ਹੋਈ।

---

★ਇਸ ਤਰ੍ਹਾਂ ਮਨੁੱਖੀ ਭਾਵ ਨੂੰ ਪ੍ਰਗਟ ਕਰਨ ਵੇਲੇ ਮਨੁੱਖ ਦਾ ਉਚਾਰਨ ਅਰਥਾਤ ਆਵਾਜ਼ ਦਾ ਉਤਰਾਓ-ਚੜ੍ਹਾਓ ਉਸ ਦੇ ਭਾਵ ਅਨੁਕੂਲ ਹੁੰਦਾ ਹੈ। ਗੁਰੂ ਕਵੀਆਂ ਦੀ ਕਾਵਿ-ਰਚਨਾ ਨੂੰ ਪੜ੍ਹਨ ਵੇਲੇ ਸਾਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਹਨਾਂ ਨੇ ਬਾਣੀ ਵਿਚ ਪੇਸ਼ ਵੱਖ ਵੱਖ ਭਾਵਾਂ ਦੇ ਅਨੁਕੂਲ ਹੀ ਰਾਗਾਂ ਦੀ ਚੋਣ ਕੀਤੀ ਹੈ।

ਰਾਗ ਵੱਖ ਵੱਖ ਤਰ੍ਹਾਂ ਦੀਆਂ ਉੱਚੀਆਂ ਨੀਵੀਆਂ ਸੁਰਾਂ ਦੇ ਵੱਖ ਵੱਖ ਪ੍ਰਬੰਧ ਕਾਰਨ ਬਣਦੇ ਹਨ। ਇਹਨਾਂ ਰਾਗਾਂ ਦਾ ਵੱਖ ਵੱਖ ਤਰਤੀਬ ਵਿਚ ਅਤੇ ਵੱਖ ਵੱਖ ਮਾਤਰਾ ਵਿਚ ਕੀਤਾ ਪ੍ਰਯੋਗ ਰਾਗਾਂ ਨੂੰ ਵੱਖ ਵੱਖ ਭਾਗਾਂ ਦੇ ਅਨੁਕੂਲ ਬਣਾਉਂਦਾ ਹੈ। (ਚਲਦਾ)

ਫੁੱਟ ਨੋਟ ਤੇ ਹਵਾਲੇ

1. ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 157।
2. ਹਾਵਾਲਾ ਆਚਾਰੀਆ ਬ੍ਰਿਹਸਪਤੀ, ਭਾਰਤ ਕਾ ਸੰਗੀਤ ਸਿਧਾਂਤ, ਪੰਨਾ 256।
3. Richerd, Principals of Literary Criticism Page 137
4. 'ਸੰਗੀਤ ਸੁਨਨੇ ਕੀ ਕਲਾ', ਸੰਗੀਤ (ਪਤ੍ਰਿਕਾ) ਅਪ੍ਰੈਲ 1955, ਪੰਨਾ 3-4।
5. ਆਚਾਰੀਆ ਬ੍ਰਿਹਸਪਤੀ, ਸੰਗੀਤ ਚਿੰਤਾਮਣੀ, ਪੰਨਾ 394।

# ਸੰਤ ਸਰਵਣ ਸਿੰਘ 'ਗੰਧਰਵ' ਡੁਮੇਲੀ ਵਾਲੇ

ਸੰਤ ਸਰਵਣ ਸਿੰਘ 'ਗੰਧਰਵ' ਗੁਰਬਾਣੀ ਸੰਗੀਤ ਦੇ ਇਕ ਟਕਸਾਲੀ ਕਲਾਕਾਰ ਕੀਰਤਨੀਏ ਸਨ। ਆਪ ਨੇ ਪ੍ਰਸਿੱਧ ਤਤਵੇਤਾ ਸੰਤ ਦਲੀਪ ਸਿੰਘ ਜੀ ਮਹਾਰਾਜ ਡੁਮੇਲੀ ਵਾਲਿਆਂ ਦੇ ਚਰਨਾਂ ਵਿਚ ਬੈਠ ਕੇ ਸੰਗੀਤ ਦੀ ਅਤੇ ਹਿਕਮਤ ਦੀ ਵਿਦਿਆ ਵੀ ਗ੍ਰਹਿਣ ਕੀਤੀ। ਇਹਨਾਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨ ਦੇ ਨਾਲ ਨਾਲ ਇਸ ਨੂੰ ਵੰਡਣ ਦਾ ਉਪਰਾਲਾ ਵੀ ਕੀਤਾ। ਆਪ ਨੇ ਡੁਮੇਲੀ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਦਿਆਲੇ ਸਪਾਪਤ ਕਰਕੇ ਇਹਨਾਂ ਵਿਚ ਲੋੜਵੰਦ ਬੈਹਰਿਆਂ ਤੇ ਨਿਆਸਰੇ ਬੱਚਿਆਂ ਨੂੰ ਕੀਰਤਨ ਅਤੇ ਹੋਰ ਵਿਦਿਆ ਸਿਖਾਉਣ ਦੀ ਮਹਾਨ ਸੇਵਾ ਕੀਤੀ। ਆਪ ਤੋਂ ਸਿੱਖਿਆ ਪ੍ਰਾਪਤ ਕਰਕੇ ਅਨੇਕਾਂ ਰਾਗੀ ਜਥੇ ਕੀਰਤਨ ਕਰ ਰਹੇ ਹਨ।

ਆਪ ਕੀਰਤਨ ਦੇ ਪ੍ਰਚਾਰ ਹਿਤ ਭਾਰਤ ਵਿਚ ਆਸਾਮ, ਮਹਾਂਰਾਸ਼ਟ ਮੱਧ ਪ੍ਰਦੇਸ਼, ਰਾਜਸਥਾਨ, ਕਸ਼ਮੀਰ, ਬੰਗਾਲ ਆਦਿ ਸੂਬਿਆਂ ਦੀ ਯਾਤ ਕਰਦੇ ਰਹਿੰਦੇ ਸਨ। ਇਸ ਦੇ ਨਾਲ ਹੀ ਵਿਦੇਸ਼ਾਂ ਵਿਚ ਇੰਗਲੈਂਡ, ਅਮਰੀ ਕਨੇਡਾ ਆਦਿ ਦੀਆਂ ਸੰਗਤਾਂ ਨੂੰ ਵੀ ਕੀਰਤਨ ਨਾਲ ਨਿਹਾਲ ਕਰਦੇ ਸਨ।

ਆਪ ਭਾਂਤ ਭਾਂਤ ਦੇ ਸਾਜ਼ ਵਜਾਉਣ ਵਿੱਚ ਪ੍ਰਬੀਣ ਸਨ।

ਆਪ ਦੀ ਸਭ ਤੋਂ ਵੱਡੀ ਸੇਵਾ, ਆਪ ਵੱਲੋਂ ਰਚਿਤ ਗੁਰਬਾਣੀ ਸੰਗੀਤ ਸੰਬੰਧੀ ਪੁਸਤਕਾਂ 'ਸੁਰ ਸਿਮਰਣ ਸੰਗੀਤ' ਪੰਜ ਭਾਗ ਹਨ। ਇਸ ਵਿਚ ਆਪ ਨੇ ਸੰਗੀਤ ਦੇ ਅਨੇਕਾਂ ਪੱਖਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਇਹਨਾਂ ਨੂੰ ਪੜ੍ਹ ਕੇ ਸੰਤ ਜੀ ਦੀ ਵਿਦਵਤਾ ਲਈ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ।

ਇਹ ਪੁਸਤਕਾਂ ਗੁਰਬਾਣੀ ਸੰਗੀਤ ਦੇ ਵਿਦਿਆਰਥੀਆਂ ਲਈ ਬਹੁ-ਮੁੱਲਾ ਖਜ਼ਾਨਾ ਹਨ। ਗੁਰਬਾਣੀ ਸੰਗੀਤ ਦਾ ਪ੍ਰਚਾਰ ਹੀ ਸੰਤ ਜੀ ਨੂੰ ਸੱਚੀ ਸ਼ਰਧਾਂਜਲੀ ਹੈ।

—ਡਾ. ਜਾਗੀਰ ਸਿੰਘ 422/ਸੈਕਟਰ 15 ਏ, ਚੰਡੀਗੜ੍ਹ

# ਸੁਰ ਸੂਖਮ ਵਿਚਾਰ

—ਸੰਤ ਸਰਵਣ ਸਿੰਘ 'ਗੰਧਰਵ' ਡਮੇਲੀ ਵਾਲੇ

ਪੁਰਾਤਨ ਸੰਗੀਤ ਵਿਦਵਾਨ ਗ੍ਰੰਥ, ਪੁਸਤਕਾਂ, ਕਿਤਾਬਾਂ ਆਦਿਕ ਪੜ੍ਹਿਆ ਨਹੀਂ ਸਨ ਕਰਦੇ। ਆਮ ਤੌਰ ਤੇ ਕਿਰਿਆਤਮਕ ਕਿਰਿਆ ਤੇ ਹੀ ਵਿਸ਼ਵਾਸ਼ ਕਿਹਾ ਕਰਦੇ ਸਨ। ਉਦਾਹਰਣ ਦੇ ਤੌਰ ਤੇ ਜੇਕਰ ਸ਼ਸਤਰ ਵਿਦਿਆ ਸਿੱਖਣੀ ਹੁੰਦੀ ਤਾਂ ਉਹ ਗੁਰੂ ਪਾਸੋਂ ਵਿਦਿਆ ਪ੍ਰਾਪਤ ਕਰਕੇ ਅਭਿਆਸ ਕਰਦੇ ਅਤੇ ਪੂਰਨ ਤੌਰ ਤੇ ਸ਼ਸਤਰ ਵਿਦਿਆ ਵਿਚ ਪਰਪੱਕ ਹੋਣ ਦੀ ਕੋਸ਼ਿਸ਼ ਕਰਦੇ ਹਨ।

ਜਦ ਉਨ੍ਹਾਂ ਨੂੰ ਆਪਣੇ ਆਪ ਤੇ ਪੂਰਨ ਵਿਸ਼ਵਾਸ਼ ਹੋ ਜਾਂਦਾ ਕਿ ਮੇਰੇ ਵਿਚ ਹੁਣ ਕੋਈ ਕਮੀ ਨਹੀਂ ਅਤੇ ਗੁਰੂ ਦੇ ਦੱਸੇ ਹੋਏ ਅਨੁਸਾਰ ਮੇਰਾ ਅਭਿਆਸ ਪੂਰਾ ਹੋ ਗਿਆ ਹੈ; ਤਾਂ ਉਹ ਜਾ ਕੇ ਆਪਣੇ ਗੁਰੂ ਨੂੰ ਆਪਣੀ ਕਰਤੱਵ ਵਿਦਿਆ ਦਿਖਾਉਂਦੇ ਸਨ ਅਤੇ ਗੁਰੂ ਵੀ ਉਨ੍ਹਾਂ ਨੂੰ ਉਸ ਵਿਦਿਆ ਵਿਚ ਪੂਰਾ ਉਤਰਦਿਆਂ ਵੇਖ ਪ੍ਰਸੰਨਤਾ ਨਾਲ ਜਾਣ ਦੀ ਆਗਿਆ ਦਿੰਦੇ ਸਨ।

ਇਸੇ ਪ੍ਰਕਾਰ ਹੀ ਡਾਕਟਰੀ, ਆਯੁਰਵੈਦਿਕ, ਹਿਕਮਤ, ਚਿੱਤਰਕਾਰੀ, ਨਿਰਤਕਾਰੀ, ਮੂਰਤੀਕਲਾ, ਵਸਤੂ-ਕਲਾ ਆਦਿਕ ਸਾਰੀਆਂ ਵਿਦਿਆਵਾਂ ਵੀ ਬੜੀ ਸਾਧਨਾ ਅਤੇ ਮਿਹਨਤ ਦੁਆਰਾ ਹੀ ਪ੍ਰਾਪਤ ਕਰਦੇ ਸਨ।

ਪਰ ਸੂਖਮ ਹੋਣ ਕਰਕੇ ਸੰਗੀਤ ਵਰਗੇ ਕੋਮਲ ਹੁਨਰ ਨੂੰ ਪ੍ਰਾਪਤ ਕਰਨਾ ਤਾਂ ਸਭ ਤੋਂ ਜ਼ਿਆਦਾ ਕਠਿਨ ਸੀ। ਵਿਦਿਆਰਥੀ ਨੂੰ ਆਪਣੇ ਉਸਤਾਦ ਕੋਲੋਂ ਵਿਦਿਆ ਪ੍ਰਾਪਤ ਕਰਨ ਲਈ ਕਾਫੀ ਸਮਾਂ ਬਤੀਤ ਕਰਨਾ ਪੈਂਦਾ ਸੀ।

ਸ਼ਸਤਰ ਵਿਦਿਆ ਵਿਚ ਜ਼ਿਆਦਾ ਨੇਤ੍ਰਾਂ ਅਤੇ ਹੱਥਾਂ ਦੀ ਕਰਤੱਵ ਵਿਦਿਆ ਸੀ। ਹਿੱਕਮਤ (ਜਿਸ ਨੂੰ ਹਿੱਕ ਦੀ ਮੱਤ ਵੀ ਕਿਹਾ ਜਾਂਦਾ ਹੈ) ਦਿਮਾਗ ਅਤੇ ਹੱਥੀਂ ਕਿਰਿਆ ਦਾ ਹੀ ਪ੍ਰਤਾਪ ਹੁੰਦਾ ਸੀ।

ਪਰ ਸੰਗੀਤ ਕਲਾ ਲਈ ਮਨ ਦੀ ਇਕਾਗਰਤਾ, ਬੁੱਧੀ ਦੀ ਤੀਛਣਤਾ, ਆਤਮਕ ਸੁੱਧਤਾ ਸਰਵਣ ਸ਼ਕਤੀ ਅਤੇ ਸੁਰੀਲੇ ਕੰਠ ਦੀ ਅਤੀ ਜ਼ਰੂਰਤ ਹੁੰਦੀ ਸੀ ਅਤੇ ਤਾਂ ਹੀ ਇਸ ਸੰਗੀਤ ਵਰਗੇ ਮਹਾਨ ਗੁਣ ਦੀ ਪ੍ਰਾਪਤੀ ਹੁੰਦੀ ਸੀ।

ਸਾਰੀਆਂ ਕਲਾਵਾਂ ਵਿਚੋਂ ਜੇਕਰ ਜ਼ਿਆਦਾ ਉੱਤਮ ਮੰਨੀ ਗਈ ਹੈ, ਤਾਂ ਸੰਗੀਤ ਕਲਾ ਹੀ ਮੰਨੀ ਗਈ ਹੈ। ਕਿਉਂਕਿ ਸੰਗੀਤ ਕਲਾ ਸੂਖਮ, ਮਿੱਠੀ, ਮਧੁਰ, ਕੋਮਲ, ਮਨ-ਲੁਭਾਉ ਪ੍ਰਭਾਵਸ਼ਾਲੀ ਅਤੇ ਸਾਰਿਆਂ ਨੂੰ ਮੋਹਿਤ ਕਰਨ ਵਾਲੀ ਹੈ। ਗਾਇਕ ਲੋਕ ਆਪਣੇ ਕੰਠ ਵਿਚ ਕੋਮਲਤਾ ਪੈਦਾ ਕਰ ਕੇ ਸ਼ਰੋਤਾਵਾਂ ਤੇ ਪ੍ਰਭਾਵ ਪਾ ਕੇ ਉਨ੍ਹਾਂ ਨੂੰ ਕੀਲ ਲੈਂਦੇ ਸਨ।

ਜਦ ਉਹ ਗਲੇ ਦੀ ਤਿਆਰੀ ਲਈ ਸੁਰ ਦੀ ਸਾਧਨਾ ਕਰਦੇ ਸਨ ਤਾਂ ਉਨ੍ਹਾਂ ਨੂੰ ਮੇਲ ਥਾਟ ਜਾਂ ਮੂਰਛਨਾਵਾਂ ਦੀ ਲੋੜ ਪੈਂਦੀ ਸੀ। ਸਭ ਤੋਂ ਪਹਿਲਾਂ ਉਹ ਥਾਟ ਜਾਂ

ਮੂਰਛਨਾਵਾਂ ਦੀ ਸਾਧਨਾ ਕਰਿਆ ਕਰਦੇ ਸਨ। ਜਿਵੇਂ ਕਿ ਬਿਲਾਵਲ ਇਕ ਸ਼ੁੱਧ ਸੁਰਾਂ ਦਾ ਥਾਟ ਹੈ। ਉਸ ਥਾਟ ਦੇ ਸੁਰ ਕ੍ਰਮ ਅਨੁਸਾਰ ਆਰੋਹ-ਅਵਰੋਹ ਆਰੰਭ ਕਰਦੇ ਸਨ। ਜਿਸ ਨੂੰ ਕਿਸੇ ਵੀ ਥਾਟ ਦੇ ਨਾਮ ਨਾਲ ਸੰਬੋਧਨ ਕੀਤਾ ਜਾ ਸਕਦਾ ਹੈ। ਜਿਵੇਂ :— ਸ਼ੜਜ ਤੋਂ ਆਰੰਭ :—ਸਾ ਰੇ ਗ ਮ ਪ ਧ ਨੀ ਸਾਂ ਸਾਂ ਨੀ ਧ ਪ ਮ ਗ ਰੇ ਸਾ।

ਨਿਸ਼ਾਦ ਤੋਂ ਆਰੰਭ ;—ਨ਼ੀ ਸਾ ਰੇ ਗ ਮ ਪ ਧ ਨੀ, ਨੀ ਧ ਪ ਮ ਗ ਰੇ ਸਾ ਨੀ ਆਦਿਕ।

ਇਸ ਪ੍ਰਕਾਰ ਕ੍ਰਮ ਬਾਇ ਕ੍ਰਮ ਤਰਤੀਬ ਵਾਰ ਹਰ ਵਾਰੀ ਇਕ-ਇਕ ਸੁਰ ਛੱਡਦੇ ਹੋਏ ਅਤੇ ਪਿਛਲਾ ਸੁਰ ਲੈਂਦੇ ਹੋਏ; ਜਿਵੇਂ ਕਿ :—ਧ਼ ਨ਼ੀ ਸਾ ਰੇ ਗ ਮ ਪ ਧ, ਧ ਪ ਮ ਗ ਰੇ ਸਾ ਨ਼ੀ ਧ਼ ਆਦਿਕ ਆਰੋਹ ਅਵਰੋਹ ਦੀ ਕਿਰਿਆ ਰਾਹੀਂ ਮੂਰਛਨਾ ਅਤੇ ਥਾਟਾਂ ਦੁਆਰਾ ਆਪਣੇ ਸੁਰ ਦੀ ਸਾਧਨਾ ਕਰਿਆ ਕਰਦੇ ਸਨ।

ਪੁਰਾਤਿਨ ਕਾਲ ਵਿਚ ਕੁਲ ਤਿੰਨ ਗ੍ਰਾਮ ਹੁੰਦੇ ਸਨ ਅਤੇ ਹਰ ਇਕ ਗ੍ਰਾਮ ਦੀਆਂ ਸੱਤ-ਸੱਤ ਮੂਰਛਨਾਵਾਂ ਬਣਦੀਆਂ ਸਨ। ਸੋ ਤਿੰਨ ਗ੍ਰਾਮ ਦੀਆਂ ਇੱਕੀ ਮੂਰਛਨਾਵਾਂ ਨੂੰ ਸਾਧਕ ਆਪਣੇ ਗਲੇ ਨੂੰ ਤਿਆਰ ਕਰਨ ਲਈ ਸਾਧਨ ਕਰਿਆ ਕਰਦੇ ਸਨ।

ਪਰ ਵਰਤਮਾਨ ਸਮੇਂ ਵਿਚ ਤਾਂ ਦਸਾਂ ਥਾਟਾਂ ਤੇ ਵੀ ਕੋਈ ਰਿਆਜ਼ ਕਰਕੇ ਰਾਜ਼ੀ ਨਹੀਂ। ਜੇਕਰ ਸ਼ੁੱਧ ਸੁਰਾਂ ਦੀਆਂ ਦਸ ਸਰਗਮਾਂ ਕਿਸੇ ਸ਼ਗਿਰਦ ਨੂੰ ਸਿਖਾ ਕੇ ਆਖੀਦਾ ਹੈ ਕਿ ਰੋਜ਼ ਸਵੇਰੇ ਉੱਠ ਕੇ ਇਹਨਾਂ ਸਰਗਮਾਂ ਦਾ ਰਿਆਜ਼ ਕਰਨਾ ਹੈ ਤਾਂ ਉਹ ਦਸਾਂ ਦੀ ਗਿਣਤੀ ਨੂੰ ਹੀ ਔਖਾ ਸਮਝਦਾ ਹੈ ਅਤੇ ਦਸਾਂ ਸਰਗਮਾਂ ਨੂੰ ਛੱਡ ਕੇ ਪਹਿਲੇ ਦੋ ਚਾਰ ਅਲੰਕਾਰ ਹੀ ਗਾ ਵਜਾ ਕੇ ਭਜਨ ਜਾਂ ਸ਼ਬਦ ਸ਼ੁਰੂ ਕਰ ਦਿੰਦਾ ਹੈ।

ਸੋ ਅਜੋਕੇ ਸੰਗੀਤ ਵਿਚ ਪ੍ਰੈਕਟੀਕਲ ਦੀ ਬਜਾਏ ਥਿਊਰਟੀਕਲ ਹੀ ਰਹਿ ਗਿਆ ਹੈ। ਭਾਵ ਕਿ ਪ੍ਰਤੱਖ ਕਿਰਿਆ ਵੱਲ ਧਿਆਨ ਨਾ ਦਿੰਦਿਆਂ ਹੋਇਆਂ ਲਿਖਤ ਕਿਰਿਆ ਵੱਲ ਹੀ ਜ਼ੋਰ ਦਿੱਤਾ ਜਾਂਦਾ ਹੈ।

ਪਰ ਅੱਜ ਵੀ ਗਵਾਲੀਅਰ, ਪੂਨਾ, ਸਤਾਰਾ ਬੰਬਈ, ਮੇਰਠ, ਪਟਿਆਲਾ, ਅੰਮ੍ਰਿਤਸਰ ਆਦਿਕ ਘਰਾਣਿਆਂ ਵਿਚੋਂ ਕੋਈ-ਕੋਈ ਵਿਰਲੇ ਰਿਆਜ਼ੀ ਸੰਗੀਤਕਾਰ ਮਿਲਦੇ ਹਨ।

ਸੰਨ 1965 ਵਿਚ ਮੈਂ ਪੰਡਿਤ ਰਵੀ-ਸੰਕਰ ਜੀ ਕੋਲ ਸਿਤਾਰ ਦੀ ਸਿਖਿਆ ਲੈਣ ਲਈ ਗਿਆ। ਉੱਥੇ ਉਨ੍ਹਾਂ ਦੇ ਸ਼ਗਿਰਦ ਕਰਤਿਕ ਕੁਮਾਰ ਮਿਲੇ। ਉਹ ਮੈਨੂੰ ਬੜੇ ਪ੍ਰੇਮ ਤੇ ਸ਼ਰਧਾ ਨਾਲ ਆਪਣੇ ਘਰ ਲੈ ਗਏ। ਉੱਥੇ ਅਸੀਂ ਦੋਵੇਂ ਸਿਤਾਰ ਵਜਾਉਣ ਲਈ ਸਿਤਾਰ ਸੁਰ ਕਰ ਕੇ ਬੈਠੇ ਹੀ ਸੀ ਕਿ ਉਸ ਵੇਲੇ ਮੇਰੇ ਕੰਨਾਂ ਵਿਚ ਸੰਗੀਤ ਦੀ ਇੱਕ ਮਿੱਠੀ ਧੁਨ ਸੁਣਾਈ ਦਿੱਤੀ। ਉਸ ਆਵਾਜ਼ ਨੂੰ ਮੈਂ ਕਾਫੀ ਦੇਰ ਸੁਣਦਾ ਰਿਹਾ। ਸੋ ਉਸ ਸੰਗੀਤ-ਮਈ ਆਵਾਜ਼ ਰਾਹੀਂ ਇਹ ਸਮਝ ਲੱਗੀ ਕਿ ਕੋਈ ਪੂਰਵੀ ਥਾਟ ਦੇ ਸੁਰ ਅਲਾਪ ਰਿਹਾ ਹੈ। ਪਰ ਉਹ ਪੂਰਵੀ ਥਾਟ ਦੇ ਕਿਸੇ ਵੀ ਰਾਗ ਦੇ ਸਰੂਪ ਨੂੰ ਬਣਾ ਨਹੀਂ ਸੀ ਰਿਹਾ, ਸਿਰਫ ਵਾਰ-ਵਾਰ ਨਿਮਨ ਲਿਖੀਆਂ ਸੁਰਾਂ ਦਾ ਹੀ ਅਲਾਪ ਕਰੀ ਜਾ ਰਿਹਾ ਸੀ :—

ਨ਼ੀ ਰੇ̱ ਗ, ਮ̍ ਧ̱ ਨੀ ਰੇ̱, ਨੀ ਧ̱ ਪ ਮ̍ ਗ ਮ̍ ਰੇ̱, ਗ ਮ̍ ਧ̱ ਮ̍ ਗ ਰੇ̱ ਗ ਰੇ̱ ਸਾ ।'

ਸੋ ਪੁੱਛਣ ਤੇ ਪਤਾ ਚਲਿਆ ਕਿ ਇਹ ਲੱਛਮੀ ਸ਼ੰਕਰ ਦੀ ਲੜਕੀ ਵਕਰ ਸੁਰਾਂ ਦੇ ਥਾਟ ਤੇ ਕਾਬੂ ਪਾਉਣ ਲਈ ਦੋ ਘੰਟੇ ਰੋਜ਼ ਤੜਕੇ ਉੱਠ, ਮਨ ਨੂੰ ਇਕਾਗਰ ਕਰ, ਆਪਣੇ ਗਲੇ ਨੂੰ ਤਿਆਰ ਕਰਨ ਲਈ ਸਾਧਨਾ ਸਾਧਦੀ ਹੈ ।

ਐਨ ਇਸੇ ਤਰ੍ਹਾਂ—ਇਹੋ ਜਿਹੇ ਜੋ ਗਾਇਕ ਪੁਰਸ਼ ਹਨ ਉਹੋ ਹੀ ਦੁਨੀਆਂ ਵਿਚ ਮਾਨ ਪ੍ਰਾਪਤ ਕਰ ਕੇ ਸੰਗੀਤ ਕਲਾ ਵਿਚ ਮਾਹਿਰ ਹੋ ਸਕਦੇ ਹਨ ।

ਰਬਾਬੀ ਪਰੰਪਰਾ ਦਾ ਆਖਰੀ ਥੰਮ

# ਭਾਈ ਚਾਂਦ

—ਬਲਬੀਰ ਸਿੰਘ 'ਕੰਵਲ'

ਜਿਸ਼ ਮਰਨੇ ਤੇ ਜਗੁ ਡਰੇ, ਮੇਰੇ ਮਨਿ ਆਨੰਦੁ ।

ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਚਾਂਦਨੀ ਚੌਂਕ ਦਿੱਲੀ ਵਿਖੇ, ਰੱਬੀ-ਰੰਗ ਵਿਚ ਰੱਤਿਆਂ ਇਕ ਰਬਾਬੀ ਗੁਰੂ ਦਾ ਜਸ ਗਾਈ ਜਾ ਰਿਹਾ ਸੀ। ਐਨੇ ਵੈਰਾਗ ਵਿਚ ਸੀ ਕਿ ਕਰੁਣਾ ਰਸ ਦੇ ਸਭ ਹੱਦਾਂ ਬੰਨੇ ਟੱਪ ਚੁੱਕਾ ਸੀ । ਕਿੱਡੀਆਂ ਕਿੱਡੀਆਂ ਲੰਮੀਆਂ ਗਮਕਾਂ ਸਨ ਉਸਦੀਆਂ। ਵਿੱਚ ਵਿੱਚ ਪਰਮਾਣ ਦੇ ਰਿਹਾ ਸੀ। ਪਰਮਾਣਾਂ ਦੀ ਵੀ ਹੱਦ ਹੀ ਕਰੀ ਜਾਂਦਾ ਸੀ। ਕੁਝ ਸੈਂਕੜੇ ਪਰਮਾਣ ਤਾਂ ਉਸ ਨੇ ਇਕ ਘੰਟੇ ਦੇ ਵਿਚ ਵਿਚ ਹੀ ਦੇ ਦਿੱਤੇ ਹੋਣੇ ਨੇ। ਪਰਮਾਣ ਦੇਣ ਲਈ ਸਾਰੇ ਭਾਰਤ ਵਿਚ ਕੇਵਲ ਉਹ ਹੀ ਤਾਂ ਇਕ ਰਬਾਬੀ ਸੀ। ਇਕ ਦੋ ਸ਼ਬਦ ਗਾ ਕੇ, ਉਸ ਪਿੱਛੋਂ ਡੜ੍ਹ ਦੋ ਘੰਟੇ ਪਰਮਾਣ ਦੇਈ ਜਾਣੇ, ਬਸ ਇਹ ਉਸਦਾ ਕੰਮ ਸੀ। ਉਸ ਦੀ ਯਾਦਦਾਸ਼ਤ ਸੰਬੰਧੀ, ਗੁਰੂ ਦੀ ਐਨੀ ਬਖਸ਼ਿਸ਼ ਅਤੇ ਬਰਕਤ ਸੀ ਕਿ ਘੰਟੇ ਕੁ ਦੇ ਵਿਚ ਵਿਚ ਐਨੇ ਕੁ ਪਰਮਾਣਾਂ ਦੀ ਝੜੀ ਲਾ ਜਾਂਦਾ ਕਿ ਜੇਕਰ ਲਿਖਣ ਲੱਗੋ ਤਾਂ ਲਗ ਭਗ ਅੱਠ ਦੱਸ ਘੰਟੇ ਲੱਗ ਜਾਣ। ਤਾਨਾਂ ਲੈਂਦਾ ਸੀ, ਵੈਰਾਗ ਵਿਚ ਭਿੱਜੀਆਂ ਹੋਈਆਂ ਅਤੇ ਸਰੋਤਿਆਂ ਵਿਚੋਂ ਬਹੁਤਿਆਂ ਦੀਆਂ ਅੱਖੀਆਂ ਹੰਝੂਆਂ ਨਾਲ ਛਲਕ ਜਾਂਦੀਆਂ ਸਨ। ਇਹ ਸੀ ਪ੍ਰਸਿੱਧ ਰਬਾਬੀ ਭਾਈ ਚਾਂਦ।

ਆਪ ਦਾ ਜਨਮ 1905 ਈ: ਦੇ ਕਰੀਬ ਭਾਈ ਬੁੱਢਾ ਜੀ ਦੇ ਘਰ ਪਿੰਡ ਮਨਾਵਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਭਾਈ ਬੁੱਢਾ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਬਾਬੀ ਭਾਈ ਸੱਦੂ ਭਾਈ ਮੱਦੂ ਦੇ ਬੰਸ ਵਿੱਚੋਂ ਸਨ, ਜਿਨ੍ਹਾਂ ਦੀ ਕੁੱਲ ਪਿੱਛੋਂ ਭਾਈ ਮਰਦਾਨਾ ਜੀ ਨਾਲ ਜਾ ਮਿਲਦੀ ਸੀ। ਆਪ ਕੇਵਲ ਅਜੇ ਸੱਤ ਵਰ੍ਹਿਆਂ ਦੇ ਹੀ ਸਨ ਕਿ ਬਾਪ ਦਾ ਸਾਇਆ ਸਿਰ ਤੋਂ ਉਠ ਗਿਆ। ਆਪ ਉਸ ਕਿਸ਼ੋਰ ਅਵਸਥਾ ਵਿਚ ਹੀ ਆਪਣੇ ਤਾਇਆ ਜ਼ਾਦ ਭਾਈ ਸੁੰਦਰ ਤੋਂ ਤਬਲਾ ਅਤੇ ਭਾਈ ਲਾਲ ਤੋਂ ਗਾਇਨ ਸਿੱਖਣ ਲੱਗ ਪਏ। ਪਿੱਛੋਂ ਉਸ ਨਾਲ ਲਗ ਭਗ 22 ਸਾਲ ਤਬਲੇ ਤੇ ਸਾਥ ਦਿੰਦੇ ਰਹੇ। ਫਿਰ ਉਨ੍ਹਾਂ ਦੀ ਆਗਿਆ ਲੈ ਕੇ, ਗੁਰਦਵਾਰਾ ਛੇਹਰਟਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਸੰਭਾਲ ਲਈ। ਆਪ ਦੀ ਸ਼ਾਦੀ 29 ਸਾਲ ਦੀ ਉਮਰ ਵਿਚ ਹੋਈ ਅਤੇ ਲਗ ਭਗ ਉਨ੍ਹੀਂ ਦਿਨੀਂ ਹੀ ਆਪ ਦੀ ਨਿਯੁਕਤੀ ਦਰਬਾਰ ਸਾਹਿਬ ਵਿਖੇ ਹੋ ਗਈ,

ਆਪ ਦੇ ਜਥੇ ਨਾਲ ਉਨ੍ਹਾਂ ਦਾ ਛੋਟਾ ਭਰਾ ਭਾਈ ਸੋਮਾ ਤਬਲੇ ਤੇ ਸੰਗਤ ਕਰਦਾ ਅਤੇ ਭਾਈ ਚਾਨਣ ਹਾਰਮੋਨੀਅਮ ਤੇ ਨਾਲ ਬੈਠਦਾ ਸੀ। ਭਾਈ ਸੋਮਾ ਦੀ ਇਕ ਕਾਰ ਹਾਦਸੇ 'ਚ ਮੌਤ ਪਿੱਛੋਂ ਭਾਈ ਸਾਈਂ ਤਬਲੇ ਤੇ ਸੰਗਤ ਕਰਦਾ ਅਤੇ ਕਦੇ ਕਦੇ ਭਾਈ ਤਾਬਾਂ ਨੂੰ ਵੀ ਬਜ਼ੁਰਗਵਾਰੀ ਦੇ ਆਲਮ 'ਚ ਇਕ ਪਾਸੇ ਆਪਦੇ ਨਾਲ ਬਹਿੰਦਿਆਂ ਵੇਖਿਆ ਗਿਆ।

ਉਨ੍ਹਾਂ ਦਾ ਇਹ ਪ੍ਰਭਾਵਸ਼ਾਲੀ ਜਥਾ ਜਦੋਂ ਸਟੇਜ ਸੰਭਾਲਦਾ ਤਾਂ ਉਹ ਰੰਗ ਬੱਝਦਾ ਕਿ ਕੀ ਗੱਲਾਂ। ਜਦੋਂ ਉਹ ਗਾਇਨ ਸ਼ੁਰੂ ਕਰਦੇ ਤਾਂ ਜਾਣੋ ਜਿਵੇਂ ਮਸਤੀ ਵਿਚ ਹਵਾ ਵੀ ਝੂਮਣ ਲੱਗ ਪੈਂਦੀ ਸੀ। ਅਜਿਹੇ ਦ੍ਰਿਸ਼ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਗੁਰਦਿੱਤ ਸਿੰਘ ਕੁੰਦਨ ਨੇ ਇਨ੍ਹਾਂ ਸਤਰਾਂ ਰਾਹੀਂ ਫੜਨ ਦੀ ਕੋਸ਼ਿਸ਼ ਕੀਤੀ ਸੀ :—

ਚਾਂਦ ਗਾਵੇ ਗੀਤ,
ਹਰਿਮੰਦਰ 'ਚ ਪਿਆਰੇ ਮੀਤ ਦੇ।
ਮਸਤ ਹੋ ਜਾਵੇ ਹਵਾ,
ਸੁਣ ਕੇ ਨਗਮੇ ਪ੍ਰੀਤ ਦੇ।

ਭਾਈ ਸਾਹਿਬ ਭਰਪੂਰ ਜਵਾਨੀ 'ਚ ਸਨ ਜਦ ਕਿ ਆਪ ਦਾ ਡੰਕਾ ਸਾਰੇ ਦੇਸ਼ ਵਿਚ ਵੱਜਣ ਲੱਗ ਪਿਆ ਸੀ। ਖਾਸ ਕਰਕੇ ਸਿੱਖ ਜਗਤ 'ਚ ਭਾਈ ਚਾਂਦ ਇਕ ਬਹੁਤ ਵੱਡਾ ਨਾਂ ਸੀ। ਏਥੋਂ ਤੱਕ ਕਿ ਉਸ ਨੂੰ ਉਸ ਵੇਲੇ ਦੇ ਵੱਡੇ ਤੋਂ ਵੱਡੇ ਰਾਗੀ ਵੀ ਮੰਨਣ ਲੱਗ ਪਏ ਸਨ। ਭਾਈ ਹੀਰਾ ਸਿੰਘ ਰਾਗੀ ਦੇ ਕਥਨ ਅਨੁਸਾਰ, "ਇਹ ਠੀਕ ਹੈ ਕਿ ਵਿਆਖਿਆ ਕਰਨ ਲੱਗਿਆਂ ਸਾਡੇ ਸਾਹਮਣੇ ਭਾਈ ਚਾਂਦ ਇਕ ਮਿੰਟ ਵੀ ਨਹੀਂ ਠਹਿਰ ਸਕਦਾ, ਪਰ ਭਾਈ ਉਸ ਜਿੰਨਾ ਰਾਗ ਅਸੀਂ ਨਹੀਂ ਜਾਣਦੇ। ਸ਼ਾਇਦ ਉਸ ਜਿੰਨੇ ਬਾਣੀ ਦੇ ਪਰਮਾਣ ਵੀ ਅਸੀਂ ਨਾ ਦੇ ਸਕੀਏ।" ਉਹਦੀ ਮਸ਼ਹੂਰੀ ਦੀ ਗੁੱਡੀ ਚੜ੍ਹੀ ਹੋਈ ਸੀ ਜਦ ਕਿ 1947 ਵਿਚ ਦੇਸ਼ ਦੇ ਵੰਡਾਰੇ ਦੇ ਬੱਦਲ ਅਸਮਾਨਾ ਤੇ ਮੰਡਲਾਉਣ ਲੱਗ ਪਏ।

ਇਹ ਨਵਾਂ ਸਾਲ ਕੀ ਚੜ੍ਹਿਆ ਕਿ ਹਰ ਗੱਲ ਹਿੰਦੂ-ਮੁਸਲਿਮ ਦੇ ਸਵਾਲ ਨਾਲ ਤੋਲੀ ਜਾਣ ਲਗ ਪਈ। ਏਹੋ ਜਿਹੇ ਹਾਲਾਤ ਵਿਚ ਇਕ ਮੁਸਲਮਾਨ ਗਵੱਈਏ ਨੂੰ ਗੁਰੂ ਘਰ ਵਿਚ ਰਹਿ ਲੈਣ ਦੇਣਾ ਕੁਝ ਖਤਰਨਾਕ ਜਿਹੀ ਗੱਲ ਸਮਝੀ ਜਾਣ ਲੱਗੀ। ਇਹ ਨਹੀਂ ਕਿ ਇਹ ਬੰਦਾ ਤਾਂ ਸਿੱਖੀ ਦਾ ਇਕ ਬੜਾ ਵੱਡਾ ਸੇਵਕ ਹੈ। ਪਰ ਨਹੀਂ, ਉਹ ਮੁਸਲਮਾਨ ਸੀ। ਕਮੇਟੀ ਵਾਲਿਆਂ ਨੇ ਉਸ ਨੂੰ ਆਖ ਕੇ, ਉਸ ਕੋਲੋਂ ਅਸਤੀਫਾ ਲੈ ਲਿਆ। ਮਨਜ਼ੂਰ ਕੀਤਾ ਗਿਆ। ਕੀਰਤਨਕਾਰ ਨੇ ਆਪਣੀ ਆਖਰੀ ਚਾਹ ਸੰਗਤਾਂ ਅੱਗੇ ਰੱਖੀ। ਉਹ ਇਹ ਸੀ ਕਿ ਉਸ ਨੂੰ ਅਖੀਰਲੀ ਵੇਰ ਕੁਝ ਸਮੇਂ ਲਈ ਕੀਰਤਨ ਕਰਨ ਦੀ ਆਗਿਆ ਦੇ ਦਿੱਤੀ ਜਾਏ। ਬਿਨੈ ਸਵੀਕਾਰ ਕੀਤੀ ਗਈ। ਰਬਾਬੀ ਨੇ ਇਹ ਸ਼ਬਦ ਸ਼ੁਰੂ ਕੀਤਾ :—

ਕਬੀਰ ਕੂਕਰ ਰਾਮ ਕਉ,
ਮੁਤੀਆ ਮੇਰੋ ਨਾਉਂ।

ਕਿਹੜੀ ਅੱਖ ਸੀ, ਜਿਸ ਨੇ ਉਸ ਸਮੇਂ ਅਥਰੂ ਨਾ ਬਹਾਏ। ਗਾਇਕ ਨੂੰ ਵਿਯੋਗ ਸੀ ਕਿ ਸਾਰੀ ਉਮਰ ਦੀ ਗੁਰੂ ਘਰ ਦੀ ਸੇਵਾ ਦਾ ਚੰਗਾ ਮੁੱਲ ਪਿਆ ਹੈ ਕਿ ਅੱਜ ਉਸ ਨੂੰ ਉਸ ਥਾਂ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਜਾਣ ਵਾਲੇ ਨੂੰ ਅਤੇ ਸਰੋਤਿਆਂ ਨੂੰ ਇਸ ਗੱਲ ਦਾ ਭਲੀ ਭਾਂਤ ਪਤਾ ਸੀ, ਉਹ ਚੰਗੀ ਤਰ੍ਹਾਂ ਸੁਚੇਤ ਸਨ ਕਿ ਗਾਇਕ ਦਾ ਇਹ ਅਲਵਿਦਾਈ ਕੀਰਤਨ ਹੈ, ਇਸ ਲਈ ਮਨ ਹੋਰ ਵੀ ਡੁੱਬਦੇ ਜਾ ਰਹੇ ਸਨ।

''ਨਾ ਭਾਈ ਸਾਹਿਬ ਨਾ । ਅਸੀਂ ਤੁਹਾਨੂੰ ਪਾਕਿਸਤਾਨ ਨੂੰ ਨਹੀਂ ਜਾਣ ਦੇਣਾ । ਤੁਹਾਡਾ ਅਸਲ ਘਰ ਇਹ ਹੈ, ਗੁਰੂ ਕੀ ਨਗਰੀ, ਸ੍ਰੀ ਅੰਮ੍ਰਿਤਸਰ ਸਾਹਿਬ !''

''ਨਾ ਜੀ ਨਾ । ਹੁਣ ਨਹੀਂ । ਤੁਸੀਂ ਮੇਰਾ ਬੜਾ ਮੁੱਲ ਪਾਇਆ ਹੈ । ਮੇਰੇ ਨਾਲ ਏਨੀ ਹੀ ਬੜੀ ਹੈ । ਤੁਹਾਡੀ ਬੜੀ ਮਿਹਰਬਾਨੀ ।''

ਉਨ੍ਹੀਂ ਦਿਨੀਂ ਆਪ ਨੂੰ ਲਾਇਲਪੁਰ ਤੋਂ ਡਾ: ਫੌਜਾ ਸਿੰਘ ਦੇ ਕੀਰਤਨ ਕਰਨ ਦਾ ਬੁਲਾਵਾ ਆਇਆ । ਓਥੋਂ ਕੀਰਤਨ ਕਰਕੇ ਜਦੋਂ ਆਪ ਵਾਪਸ ਅੰਮ੍ਰਿਤਸਰ ਸਟੇਸ਼ਨ ਤੇ ਪੁੱਜੇ ਤਾਂ ਸ਼ਹਿਰ ਵਿਚ ਕਰਫਿਊ ਲੱਗ ਚੁੱਕਾ ਸੀ । ਭਾਈ ਸਾਹਿਬ ਆਪਣੇ ਪਿੰਡ ਮਨਾਵਾਂ ਆ ਗਏ । ਦੂਜੇ ਦਿਨ ਜਦੋਂ ਇਕ ਘੰਟੇ ਲਈ ਕਰਫਿਊ ਖੁਲ੍ਹਿਆ ਤਾਂ ਭਾਈ ਸਾਹਿਬ ਆਪਣੇ ਬੱਚਿਆਂ ਨੂੰ ਵੀ ਆਪਣੇ ਪਿੰਡ ਲੈ ਆਏ । ਯਾਦ ਰਹੇ ਇਹ ਪਿੰਡ ਵਾਘਾ ਸਰਹੱਦ ਕੋਲ ਹੈ ਅਤੇ ਪਾਕਿਸਤਾਨ 'ਚ ਪੈਂਦਾ ਹੈ । ਉਹ ਹਾਲੇ ਵੀ ਇੰਝ ਸੋਚਦੇ ਸਨ ਕਿ ਇਹ ਝਗੜਾ ਦੋ ਚਾਰ ਦਿਨ ਦਾ ਹੈ, ਜਦੋਂ ਖਤਮ ਹੋ ਜਾਏਗਾ, ਦੁਬਾਰਾ ਫਿਰ ਆਪਣੇ ਘਰ ਆ ਜਾਵਾਂਗੇ । ਪਰ ਇਹ ਹਨੇਰੀ ਹੀ ਕੁਝ ਅਜਿਹੀ ਸੀ ਕਿ ਵਾਪਸ ਪਰਤਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ । ਕੁਝ ਦਿਨ ਪਿੰਡ ਰਹਿਣ ਪਿੱਛੋਂ, ਚਾਂਦ ਜੀ ਲਾਹੌਰ ਚਲੇ ਗਏ । ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲ ਕੇ ਮੰਗ ਕੀਤੀ, ''ਆਪਣੀ ਸਾਰੀ ਉਮਰ ਮੈਂ ਸਿੱਖਾਂ ਦੇ ਸਭ ਤੋਂ ਵੱਡੇ ਗੁਰਦਵਾਰੇ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਕਰਦਾ ਰਿਹਾ ਹਾਂ । ਉੱਥੋਂ ਦਾ ਮੈਂ ਹਜ਼ੂਰੀ ਰਾਗੀ ਸਾਂ । ਮੈਨੂੰ ਉਹ ਸਰਬੋਤਮ ਗਵੱਈਆ ਮੰਨਦੇ ਸਨ । ਇਸ ਦੇ ਇਵਜ਼ ਵਿਚ ਮੈਂ ਮੰਗ ਕਰਦਾ ਹਾਂ ਕਿ ਮੈਨੂੰ ਘੱਟ ਤੋਂ ਘੱਟ ਪੰਜ ਮੁਰੱਬੇ ਜ਼ਮੀਨ ਦਿੱਤੀ ਜਾਏ, ਤਾਂ ਜੋ ਮੇਰਾ ਜੀਵਨ ਨਿਰਬਾਹ ਹੁੰਦਾ ਰਹੇ ।''

''ਜੇਕਰ ਸਾਰੀ ਉਮਰ ਤੁਸੀਂ ਸਿੱਖਾਂ ਦੇ ਉਸ ਗੁਰਦਵਾਰੇ ਵਿਚ ਹੀ ਰਹੇ ਹੋ ਤਾਂ ਫਿਰ ਸਾਨੂੰ ਤੁਹਾਡੇ ਮੁਸਲਮਾਨ ਹੋਣ ਤੇ ਵੀ ਸ਼ੱਕ ਹੈ'', ਅੱਗੋਂ ਮੁੱਖ ਮੰਤਰੀ ਦਾ ਉੱਤਰ ਸੀ ।

''ਪਰ ਜੀ ਸਿੱਖਾਂ ਦੇ ਆਦਿ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਏਕ ਦੂਜ ਦਾ ਕਿਤੇ ਵੀ ਕੋਈ ਨਿਰਨਾ ਨਹੀਂ ਅਤੇ ਗੁਰੂ ਸਾਹਿਬਾਂ ਦੇ ਖਿਆਲ ਅਨੁਸਾਰ ਰਾਮ ਰਹੀਮ ਸਭ ਇੱਕ ਹੀ ਗੱਲ ਹੈ ।'' ''ਚਲੋ ਏਦਾਂ ਹੀ ਹੋਵੇਗਾ, ਫਿਰ ਵੀ ਪਹਿਲਾਂ ਅਸੀਂ ਤੇਰੀ ਪਰਖ ਕਰਾਂਗੇ ਕਿ ਸੱਚੀ ਮੁੱਚੀ ਹੀ ਹੁਣ ਤੂੰ ਮੁਸਲਮਾਨ ਏਂ, ਜਾਂ ਸਿੱਖ । ਪਿੱਛੋਂ ਸੋਚਾਂਗੇ ਕਿ ਤੈਨੂੰ ਪੰਜ ਮੁਰੱਬੇ ਦਿੱਤੇ ਜਾਣ ਕਿ ਨਹੀਂ । ਇਸ ਲਈ ਪਹਿਲਾਂ ਤੂੰ ਪੰਜ ਛੇ ਮਹੀਨੇ ਕਿਸੇ ਮਸੀਤ ਵਿਚ ਜਾ ਕੇ ਝਾੜੂ ਦੇ ।''

ਚਾਂਦ ਜੀ ਦੇ ਦਿਲ ਨੂੰ ਅੱਜ ਦੂਜੀ ਵੇਰ ਧੱਕਾ ਜਿਹਾ ਵੱਜਾ ਕਿ ਅੱਜ ਉਸ ਦੇ ਮੁਸਲਮਾਨ ਹੋਣ ਤੇ ਵੀ ਸ਼ੱਕ ਕੀਤੀ ਜਾ ਰਹੀ ਹੈ । ਘਰ ਆ ਕੇ ਆਪਣੇ ਪੁੱਤਰ ਭਾਈ ਬਹਾਰ ਨੂੰ (ਜਿਨ੍ਹਾਂ ਨੂੰ ਕਈ ਵੇਰ ਭਾਈ ਮੁਰਾਦ ਵੀ ਕਿਹਾ ਜਾਂਦਾਸੀ ਅਤੇ ਜਿਸ ਦੀ ਏਧਰ ਆ ਕੇ ਹੁਣੇ-ਹੁਣੇ ਸ਼ਾਦੀ ਵੀ ਕਰ ਦਿੱਤੀ ਸੀ) ਹਾਰ ਕੇ ਕਹਿਣ ਲੱਗੇ, ''ਬੇਟੇ, ਹੁਣ ਤਾਂ ਰੋਟੀ ਪਾਣੀ ਦੇ ਵਸੀਲੇ ਲਈ ਕੁਝ ਨਾ ਕੁਝ ਕਰੋ ।'' ਉਸਨੂੰ ਕਿਸੇ ਤਰ੍ਹਾਂ ਦੇ ਕੰਮ ਕਾਰ ਦਾ ਕੋਈ ਤਜ਼ਰਬਾ ਤਾਂ

ਹੈ ਨਹੀਂ ਸੀ, ਪਰ ਮਰਦਾ ਕੀ ਨਾ ਕਰਦਾ ਦੇ ਕਥਨ ਅਨੁਸਾਰ ਉਸ ਨੇ ਥੋੜਾ ਜਿਹਾ ਸੌਦਾ ਪਾ ਕੇ ਮਾੜੀ ਜਿਹੀ ਇਕ ਹੱਟੀ ਖੋਲ੍ਹ ਲਈ। ਕਿਰਾਏ ਤੇ ਰਹਿੰਦੇ ਸਨ, ਮਕਾਨ ਦਾ ਕਿਰਾਇਆ ਅਤੇ ਦੂਜੇ ਤੀਜੇ ਸਾਰੇ ਖਰਚ, ਮਾਮੂਲੀ ਆਮਦਨ ਨਾਲ ਸਾਰੇ ਜੀਆਂ ਦਾ ਪੇਟ ਬੜੀ ਮੁਸ਼ਕਲ ਨਾਲ ਭਰਦਾ ਸੀ। ਸਮੇਂ ਦੀ ਸਿਤਮਜ਼ਰੀਫੀ ਵੇਖ ਲਓ ਕਿ ਗੁਰੂ ਘਰ ਦਾ ਉਹ ਕੀਰਤਨੀਆ, ਜਿਸਦੀ ਆਵਾਜ਼ 'ਚ ਕਦੇ ਐਨਾ ਜਾਦੂ ਸੀ ਕਿ ਉਸ ਤੋਂ ਪ੍ਰਭਾਵਿਤ ਹੋ ਕੇ ਸੁਆਣੀਆਂ ਕਦੇ ਕਦੇ ਆਪਣੇ ਗਲ ਦੇ ਗਹਿਣੇ ਲਾਹ ਕੇ ਵੀ ਉਸ ਦੇ ਕਦਮਾਂ 'ਚ ਸੁੱਟ ਦਿੰਦੀਆਂ ਸਨ – ਅੱਜ ਵਿਚਾਰਾ ਰੋਟੀ ਤੋਂ ਵੀ ਅੰਤਾਦਾਰ ਹੈ।

ਭਾਈ ਸਾਹਿਬ, ਇਕ ਕੋਮਲ ਭਾਵੀ ਕਲਾਕਾਰ ਹੋਣ ਦੇ ਨਾਤੇ, ਆਪਣੀ ਔਲਾਦ ਨੂੰ ਦੁੱਖ ਵਿਚ ਦੇਖ ਕੇ ਬੜੇ ਪਰੇਸ਼ਾਨ ਰਹਿਣ ਲੱਗ ਪਏ ਸਨ। ਆਪਣੇ ਆਖਰੀ ਦਿਨੀਂ ਉਨ੍ਹਾਂ ਨੂੰ ਹਸਦਿਆਂ ਉਸ ਦੇ ਘਰ ਦੇ ਜੀਆਂ ਜਾਂ ਕਰੀਬੀ ਦੋਸਤਾਂ ਨੇ ਵੀ ਕਦੇ ਨਹੀਂ ਸੀ ਵੇਖਿਆ ਚੌਹੀਂ ਪਾਸੀਂ, ਹਨੇਰਾ ਹੀ ਹਨੇਰਾ ਸੀ, ਸੋਚਿਆ ਕਿ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ, ਜੀਂਦੇ ਜੀ ਬੇਟੀ ਦੇ ਹੱਥ ਵੀ ਪੀਲੇ ਕਰ ਦੇਵਾਂ। ਬਦਬਖਤੀ ਦੇ ਉਨ੍ਹਾਂ ਦਿਨਾਂ ਵਿਚ ਘਰ ਦਾ ਸਾਮਾਨ ਸਾਰੇ ਦਾ ਸਾਰਾ ਜਦ ਕਿ ਇੰਡੀਆ ਵਿਚ ਰਹਿ ਗਿਆ ਸੀ, ਉਹ ਵੀ ਕਾਰਜ ਔਖੇ ਸੌਖੇ, ਰੱਬ ਜਾਣੇ ਕਿਵੇਂ ਸਿਰੇ ਚੜ੍ਹਾਇਆ। ਹਾਰ ਕੇ ਖੁਦ ਗੰਡੇਰੀਆਂ ਦੀ ਰੇੜ੍ਹੀ ਲਾਉਣ ਦੀ ਸੋਚੀ। ਸਮੇਂ ਦੇ ਦਿੱਤੇ ਗਏ ਝੱਖੜਾਂ ਦੇ ਝੋਰੇ ਦੁਆਰਾ ਆਪ ਨੂੰ ਟਾਇਫਾਇਡ ਬੁਖਾਰ ਹੋ ਗਿਆ, ਜਿਹੜਾ ਪਿੱਛੋਂ ਟੀ.ਬੀ. ਵਿਚ ਬਦਲ ਗਿਆ। ਬੇਟੀ ਦਾ ਡੋਲਾ ਘਰੋਂ ਉਠਾਏ ਨੂੰ ਅਜੇ ਮਸਾਂ ਤਿੰਨ ਕੁ ਮਹੀਨੇ ਹੀ ਹੋਏ ਸਨ ਕਿ **1949** ਦੇ ਜੂਨ ਦੀ **22** ਤਰੀਕ ਵਾਲੇ ਅੱਗ ਵਰ੍ਹਾ ਰਹੇ ਦਿਨ ਨੂੰ, ਘੜੀਆਂ ਦੀਆਂ ਸੂਈਆਂ ਨੇ ਜਦੋਂ ਸ਼ਾਮ ਦੇ ਛੇ ਵਜਾਏ, ਤਾਂ ਭਾਈ ਸਾਹਿਬ ਉਸ ਦੁਨੀਆਂ ਨੂੰ ਚਲਾਣਾ ਕਰ ਗਏ ਜਿੱਥੇ ਗਿਆ ਅੱਜ ਤਕ ਕੋਈ ਵਾਪਸ ਨਹੀਂ ਪਰਤਿਆ। ਰਬਾਬੀ ਪਰੰਪਰਾ ਦਾ ਆਖਰੀ ਥੰਮ ਭਾਈ ਚਾਂਦ ਰੱਬ ਜਾਣੇ ਅੱਜ ਕਿਹੜੇ ਬੱਦਲਾਂ ਪਿੱਛੇ ਅਲੋਪ ਹੋ ਗਿਆ। ਉਨ੍ਹਾਂ ਦੇ ਇਕ ਸ਼ਰਧਾਲੂ ਅਤੇ ਪਰਮ ਮਿੱਤ੍ਰ ਸ੍ਰੀ ਟੀ.ਸੀ. ਨਾਗਪਾਲ ਨੇ ਸ਼ਰਧਾ ਦੇ ਫੁੱਲਾਂ ਵਜੋਂ, ਉਦੋਂ ਕੁਝ ਅਜਿਹੇ ਸ਼ਿਅਰ ਕਹੇ ਸਨ :—

ਐ ਚਾਂਦ, ਭਾਈ ਚਾਂਦ, ਤੇਰੀ ਰੌਸ਼ਨੀ ਕਿਆ ਅਜਬ ਥੀ !
ਕੋਇਲ ਭੀ ਸ਼ਰਮਿੰਦਾ ਥੀ, ਗੁਲੂਕਾਰੀ ਤੇਰੀ ਗ਼ਜ਼ਬ ਥੀ !!
ਕਿਸੇ ਸੁਭਾਗੀ ਮਾਂ ਨੇ ਹੁਣ ਤੱਕ ਨਹੀਂ ਜੰਮਿਆ ਕੋਈ ਚਾਂਦ ਮੁੜ,
ਤੂੰ ਆਪਣੀ ਮਿਸਾਲ ਆਪ ਬਣ, ਬਸ ਆਪਣੀ ਨੀਂਦ ਸੌਂ ਗਿਉਂ !

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

—ਪ੍ਰੇਮ ਸਿੰਘ ਪ੍ਰੇਮ

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮਹਲਾ ੧

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ।
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ।
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ।
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ।
ਭੈ ਵਿਚਿ ਖੁੰਬ ਚੜਾਈਐ ਸਰਮੁ ਪਾਹੁ ਤਨਿ ਹੋਇ ।
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ।੧।

ਵਿਆਖਿਆ :—ਇਸ ਸਲੋਕ ਅਨੁਸਾਰ ਕਲਜੁਗ ਵਿਚ ਸੱਚ ਦਾ ਤਾਂ ਕਾਲ ਪੈ ਗਿਆ ਹੈ ਅਤੇ ਹਰ ਪਾਸੇ ਝੂਠ (ਕੂੜੁ) ਹੀ ਪਸਰਿਆ ਹੋਇਆ ਹੋਣ ਕਰਕੇ ਲੋਕੀ ਭੂਤਨੇ ਹੋ ਗਏ ਹਨ । ਪਿਛਲੇ ਜੁਗਾਂ ਦੇ ਕਈ ਲੋਕੀ ਆਪਣੇ ਆਪਣੇ ਜੁਗਾਂ ਵਿਚ ਸੱਚ ਤੇ ਧਰਮ ਰੂਪੀ ਬੀਜ ਬੀਜ ਕੇ ਇੱਜ਼ਤ ਆਬਰੋ ਲੈ ਗਏ ਹਨ ਅਤੇ ਹੁਣ ਤੱਕ ਉਹਨਾਂ ਧਰਮੀ ਪੁਰਖਾਂ ਦੀ ਇੱਜ਼ਤ ਕੀਤੀ ਜਾਂਦੀ ਹੈ । ਹੁਣ ਇਸ ਸਮੇਂ ਅਨੁਸਾਰ ਬੀਜ ਸਾਬਤ ਰੂਪ ਵਿਚ ਹੀ ਨਹੀਂ ਰਿਹਾ । ਜੇ ਸਾਬਤ ਰੂਪ ਵਿਚ ਹੁੰਦਾ ਤਾਂ ਉਗਦਾ । ਹੁਣ ਤਾਂ ਦਾਲ ਵਾਂਗੂੰ ਦੋਫਾੜ ਹੋ ਗਿਆ ਹੈ ਦੋਫਾੜ ਬੀਜ ਤਾਂ ਉਗ ਹੀ ਨਹੀਂ ਸਕਦਾ । ਮਿਸਾਲ ਦੇ ਤੌਰ ਤੇ ਹਜ਼ੂਰ ਜੀ ਦੱਸਦੇ ਹਨ ਕਿ ਧਰਮ ਚਾਰ ਪੈਰਾਂ ਤੇ ਖੜ੍ਹਾ ਸੀ । ਜਿਸ 'ਚੋਂ ਤਿੰਨ ਟੁੱਟ ਚੁੱਕੇ ਹਨ ਬਾਕੀ ਉਹ ਇਸ ਵੇਲੇ ਇਕ ਟੁਕੜਾ ਹੀ ਰਹਿ ਗਿਆ ਹੈ । ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ :—

ਸਤਿਜੁਗਿ ਧਰਮੁ ਪੈਰ ਹੈ ਚਾਰਿ...।
ਤੇਤੇ ਇਕ ਕਲ ਕੀਨੀ ਦੂਰਿ...।
ਦੁਆਪੁਰਿ ਧਰਮਿ ਦੁਇ ਪੈਰ ਰਖਏ.. ।
ਕਲ ਜੁਗਿ ਧਰਮ ਕਲਾ ਇਕ ਰਹਾਏ ।
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ । (ਰਾਮਕਲੀ ਮ: ੩)

ਯਥਾ

ਕਲਜੁਗ ਮਹਿ ਬਹੁ ਕਰਮ ਕਮਾਹਿ ।
ਨਾ ਰੁਤਿ ਨ ਕਰਮ ਥਾਇ ਪਾਇ ।੨।
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ । (ਭੈਰਉ ਮ: ੩)

ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਹਨ ਕਿ ਹੁਣ ਤਾਂ ਜੇ ਕੋਈ ਭਗਤੀ ਦੇ ਰੰਗ ਵਿਚ ਰੰਗਿਆ ਜਾਵੇ ਤਾਂ ਸੱਚ ਹੀ ਸੱਚ ਵਰਤ ਜਾਵੇਗਾ ਅਤੇ ਪ੍ਰੇਮ ਭਗਤੀ ਵਾਲੇ ਨੂੰ ਮੁੜ ਕੇ

ਦੀ ਕੋਈ ਲੇਸ ਨਹੀਂ ਲੱਗੇਗੀ। ਪ੍ਰੰਤੂ ਹੁਣ ਜੀਵਾਂ ਦੇ ਮਨ ਕੋਰੇ ਹੋ ਰਹੇ ਹਨ ਅਤੇ ਕੋਰੇ ਕੱਪੜੇ ਤੇ ਰੰਗ ਚੜ੍ਹਦਾ ਹੀ ਨਹੀਂ ਜਦ ਤੱਕ ਧੋਤਾ ਨਾ ਜਾਏ। ਅਰਥਾਤ ਮਨ ਨੂੰ ਪ੍ਰੇਮ-ਭਗਤੀ ਦਾ ਰੰਗ ਚਾੜ੍ਹਣ ਲਈ ਪਹਿਲਾਂ ਸਤਿਸੰਗਤਿ ਦੇ ਮਟਕੇ ਧੋ ਕੇ ਪਾਹ ਚਾੜ੍ਹ ਲੈ ਅਤੇ ਪ੍ਰਮੇਸ਼ਵਰ ਦੇ ਭੈ ਦੀ ਖੁੰਬ ਚਾੜ੍ਹਣ ਤੇ ਹੀ ਪ੍ਰੇਮ ਭਗਤੀ ਦਾ ਇਹ ਪੱਕਾ ਤੇ ਸ਼ੋਭਨੀਕ ਰੰਗ ਚੜ੍ਹੇਗਾ ।੧।

ਮਹਲਾ ।੧।

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ ।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ।
ਉਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ।
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ।
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ।
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ।
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ।
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ।੨।

ਸਲੋਕ ਮਹਲਾ ।੧।

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ।
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ।
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

ਵਿਆਖਿਆ :—ਸਲੋਕ ਦੇ ਦੂਜੇ ਪੜਾਅ ਵਿਚ ਰਾਜੇ ਅਤੇ ਵਜ਼ੀਰ ਦਾ ਦ੍ਰਿਸ਼ਟਾਂਤ ਦੇ ਕੇ ਹਜ਼ੂਰ ਨੇ ਉਸ ਵਕਤ ਦਾ ਨਕਸ਼ਾ ਹੀ ਖਿੱਚ ਕੇ ਵਿਖਾ ਦਿੱਤਾ ਹੈ। ਲੋਭ ਅਤੇ ਲਾਲਚ ਦੋਹਾਂ ਨੂੰ ਰਾਜਾ ਤੇ ਵਜ਼ੀਰ ਦਰਸਾ ਕੇ ਦੱਸਿਆ ਹੈ ਕਿ ਝੂਠ ਦਾ ਪਾਸਾਰਾ ਹੀ ਸੈਨਾਪਤੀ ਹੈ, ਤੇ ਸਲਾਹਕਾਰ ਹੈ (ਨਾਇਬ)। ਨੱਚਣ ਵਾਲੇ ਨੂੰ ਗਿਆਨੀ ਕਿਹਾ ਜਾਂਦਾ ਹੈ। ਰਾਸਧਾਰੀ ਨਕਲਚੀ ਆਗੂ ਬਣ ਬੈਠੇ ਹਨ ਅਤੇ ਸਵਾਂਗ ਕਰਕੇ, ਗਹਿਣਿਆਂ ਆਦਿ ਦਾ ਸ਼ਿੰਗਾਰ ਕਰਕੇ ਉੱਚੀ ਉੱਚੀ ਗਾਉਣ ਨੂੰ ਹੀ ਭਗਤੀ ਸਮਝ ਬੈਠਾ ਹੈ।

ਲੋਕਾਈ ਗਿਆਨ ਤੋਂ ਹੀਣੀ ਹੈ। ਸੋ ਪੜ੍ਹੇ ਲਿਖੇ ਪੰਡਤ ਹੀ ਮੂਰਖਾਂ ਵਾਲੀਆਂ ਹਰਕਤਾਂ ਕਰਕੇ ਹੁਜਤ ਬਾਜ਼ੀ ਅਤੇ ਚਲਾਕੀ ਨਾਲ ਲੋਕਾਂ ਨੂੰ ਸਵਰਗਾਂ ਦਾ ਲਾਲਚ ਦੇ ਕੇ ਉਹਨਾਂ ਕੋਲੋਂ ਧਨ ਇਕੱਠਾ ਕਰਦੇ ਹਨ। ਇਸ ਤਰ੍ਹਾਂ ਧਨ ਦੇਣ ਵਾਲਿਆਂ ਅਤੇ ਧਨ ਲੈਣ ਵਾਲਿਆਂ ਦੋਹਾਂ ਨੂੰ ਹੀ ਮੋਖ ਦੁਆਰਾ ਨਹੀਂ ਮਿਲ ਸਕਦਾ, ਕਿਉਂਕਿ ਉਹ ਤਾਂ

ਕੇਵਲ ਸਵਰਗਾਂ ਦੇ ਲਾਲਚ ਵਿਚ ਹੀ ਬੱਧੇ ਪਏ ਇਹ ਪੁੱਠੇ ਕਰਮ ਕਰੀ ਜਾਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਆਪਣੇ ਆਪ ਨੂੰ ਕੋਈ ਵੀ ਘੱਟ ਨਹੀਂ ਸਮਝਦਾ ' ਪ੍ਰੰਤੂ ਜਦੋਂ ਪਤ ਦਾ ਵੱਟਾ ਪੈਣ ਤੇ ਤੋਲਿਆ ਤਾਂ ਉਹਨਾਂ ਦਾ ਛਾਬਾ ਖਾਲੀ ਵਾਂਗ ਹੀ ਰਿਹਾ। ਭਾਵ ਕਿ ਸਭ ਫੋਕਟ ਕੀਤੇ ਕਰਮ ਦਰਗਾਹ ਵਿਚੋਂ ਖਾਲੀ ਮੋੜ ਦਿੰਦੇ ਅਤੇ ਆਵਾਗਾਵਣ ਦੇ ਗੇੜ ਵਿਚ ਪਾਈ ਰੱਖਦੇ ਹਨ। ਕਰਮ ਕਰਨ ਵੇਲੇ ਜੀਵ ਨੇ ਜੋ ਭਾਵਨਾ ਅੰਦਰ ਧਾਰੀ ਸੀ, ਦਰਗਾਹ ਵਿਚ ਵੀ ਉਹੋ ਹੀ ਪ੍ਰਗਟੇਗੀ, ਕਿਉਂਕਿ ਉਹ ਸੱਚਾ ਸਾਹਿਬ ਤਾਂ ਹਿਰਦਿਆਂ ਦੀ ਜਾਣਦਾ ਹੈ। ਸੋ ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਹਨ ਕਿ ਕਰਮ ਗੇੜ ਵਿਚ ਛਾਲਾਂ ਤਾਂ ਸਭਨਾਂ ਨੇ ਮਾਰੀਆਂ ਹਨ ਪਰ ਪਾਰ ਤਾਂ ਉਹ ਹੀ ਹੋਣਗੇ ਜਿਹੜੇ ਵਾਹਿਗੁਰੂ ਦੇ ਸਹੀ ਫੈਸਲੇ ਤੇ ਟੇਕ ਰੱਖਦੇ ਹਨ। ਦਰਗਾਹ ਵਿਚ ਨਾ ਜਾਤ ਨੇ ਅਤੇ ਨਾ ਹੀ ਧਨ ਨੇ ਇੱਜ਼ਤ ਦਵਾਉਣੀ ਹੈ। ਪਤ ਤੇ ਹਿਰਦੇ ਦੇ ਨੇਕ ਨੂੰ ਹੀ ਮਿਲੇਗੀ। ਦਰਗਾਹ ਵਿਚ ਕਿਸੇ ਦੀ ਚਲਾਕੀ ਕੰਮ ਨਹੀਂ ਆ ਸਕਦੀ।

## ਪਉੜੀ ੧੧

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ।
ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ।
ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ।
ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ।
ਸਹਿਜੇ ਹੀ ਸਚਿ ਸਮਾਇਆ।੧੧।

ਵਿਆਖਿਆ :—ਇਸ ਗਿਆਰਵੀਂ ਪਉੜੀ ਵਿਚ ਜੀਵ ਦੀ ਨਿਰਾਸਤਾ ਉਪਰ ਤਰਸ ਦੀ ਭਾਵਨਾ ਪ੍ਰਗਟਾਈ ਹੈ। ਗੁਰੂ ਨਾਨਕ ਪਾਤਿਸ਼ਾਹ ਅਰਦਾਸ ਕਰਦੇ ਹਨ ਕਿ ਸਾਹਿਬ ਜੀ ਜਿਨ੍ਹਾਂ ਤੇ ਵੀ ਆਪ ਜੀ ਵੱਲੋਂ ਮਿਹਰ ਹੋ ਜਾਏ ਉਹ ਹੀ ਮਨੁੱਖਾ ਦੇਹੀ ਧਾਰ ਕੇ ਨਾਮ ਜਪਦੇ ਹਨ। ਇਸ ਜਗਤ ਵਿਚ ਜੋ ਹੋ ਰਿਹਾ ਹੈ ਸਭ ਓਸ ਦਾ ਹੁਕਮ ਹੈ। ਹੁਕਮ ਨੂੰ ਬੁੱਝਣ ਵਾਲਾ ਫੋਕਟ ਕਰਮਾਂ ਵਿਚ ਨਾ ਪੈ ਕੇ ਸਹਿਜ ਅਵਸਥਾ ਵਿਚ ਆ, ਭਾਣੇ ਅੱਗੇ ਝੁਕ ਕੇ ਉਸ ਸੱਚੇ ਵਿਚ ਹੀ ਲੀਨ ਹੋ ਜਾਂਦੇ ਹਨ। ਇਹ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਹੀ ਹੁੰਦਾ ਹੈ। ਚਲਾਕੀ ਤੇ ਦਖਾਵੇ ਮਾਤਰ ਕੰਮਾਂ ਨਾਲ ਨਹੀਂ ਜੇ ਹੁੰਦੀ। ਸੋ ਕਿਰਪਾ ਲਈ ਅਰਦਾਸ ਹੀ ਕਰਨੀ ਲੋੜਦੀ ਹੈ ਜੀਓ।

# ਸੰਗੀਤ ਦੇ ਮੁੱਖ ਅੰਗ

ਬੇਦੀ ਲਾਲ ਸਿੰਘ ਸਾਹਿਤਕਾਰ

ਸੰਗੀਤ ਦਿਲ ਨੂੰ ਮੋਹ ਲੈਣ ਵਾਲੀ ਇਕ ਲਾ-ਮਿਸਾਲ ਕਲਾ (ਫ਼ਨ-ਹੁਨਰ) ਹੈ, ਜੋ ਇਨਸਾਨ ਦੀ ਆਵਾਜ਼ (ਸੁਰ) ਤੇ ਲੈਅ ਦੇ ਮੇਲ ਤੋਂ ਸੰਗੀਤ ਰੂਪ ਪੈਦਾ ਹੁੰਦੀ ਹੈ। ਇਸ ਦੇ ਦੋ ਭਾਗ ਹਨ :—

1. ਸ਼ੁੱਧ ਸੰਗੀਤ (Classical Music)
2. ਸੁਗਮ ਸੰਗੀਤ (Light Music)

ਸ਼ੁੱਧ ਸੰਗੀਤ (Classical music) ਵਿਚ ਧਰੁਪਤ, ਖਿਆਲ, ਠੁਮਰੀ, ਤਾਰਾਨਾ ਆਦਿਕ ਸ਼ਾਮਲ ਹਨ;

ਸੁਗਮ ਸੰਗੀਤ (Light Music) ਵਿਚ ਗਜ਼ਲ, ਗੀਤ, ਭਜਨ ਕਿਲੋਂ ਕਿਲੀ ਤੇ ਲੋਕ ਗੀਤ ਆਦਿ ਸ਼ਾਮਲ ਹਨ। ਸ਼ੁੱਧ ਸੰਗੀਤ ਵਿਚ ਸੁਰ ਨਿਯਮ ਬੱਧ ਹੁੰਦੇ ਹਨ ਅਤੇ ਉਨ੍ਹਾਂ ਦਾ ਵਾਦੀ ਸੰਵਾਦੀ ਸੁਰਾਂ ਦੇ ਅਨੁਕੂਲ ਵਿਸਥਾਰ ਹੁੰਦਾ ਹੈ। ਪਰ ਸੁਗਮ ਸੰਗੀਤ (light music) ਵਿਚ ਸ਼ਬਦ ਪ੍ਰਧਾਨ ਮੰਨਿਆ ਜਾਂਦਾ ਹੈ। ਇਸ ਦੇ ਭਾਵਾਂ ਦੇ ਆਧਾਰ ਤੇ ਸੁਰ ਲਾਏ ਜਾਂਦੇ ਹਨ। ਆਰੋਹੀ ਅਵਰੋਹੀ, ਵਾਦੀ ਸੰਵਾਦੀ ਦੀ ਕੋਈ ਬੰਦਸ਼ ਨਹੀਂ ਹੁੰਦੀ, ਸਗੋਂ ਇਸ ਵਿਚ ਕੇਵਲ ਸੁਰਾਂ ਦਾ ਸ਼ਿੰਗਾਰ ਅਤੇ ਮਿਠਾਸ ਭਰੀ ਹੁੰਦੀ ਹੈ। ਇਸ ਵਿਚ ਭਗਤੀ ਰਸ, ਕਰੁਣਾ ਰਸ, ਹਾਸ ਰਸ, ਬੀਰ ਰਸ, ਸ਼ਿੰਗਾਰ ਰਸ ਆਦਿ ਦੇ ਗੀਤ ਗਾਏ ਜਾਂਦੇ ਹਨ। ਅਸਲ ਵਿਚ ਸ਼ੁੱਧ ਸੰਗੀਤ ਦੇ ਗਾਉਣ ਵਾਲੇ ਤੇ ਸੁਣਨ ਵਾਲਿਆਂ ਨੂੰ ਇਕ ਅਦਭੁੱਤ ਆਨੰਦ, ਖੁਸ਼ੀ, ਖੇੜਾ ਤੇ ਸਵਾਦ ਪ੍ਰਾਪਤ ਹੁੰਦਾ ਹੈ। ਸੰਗੀਤ ਦੇ ਤਿੰਨ ਮੁੱਖ ਅੰਗ ਹਨ : 1. ਗਾਉਣਾ 2. ਵਜਾਉਣਾ 3. ਨੱਚਣਾ।

ਸੰਗੀਤ ਦੇ ਸਪਤ ਸੁਰ ਹੁੰਦੇ ਹਨ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : 1. ਖਰਜ 2. ਰਿੱਖਬ 3. ਗੰਧਾਰ 4. ਮੱਧਮ 5. ਪੰਚਮ 6. ਧੈਵਤ 7. ਨਿਖਾਧ।

ਵਿਦਵਾਨਾਂ ਨੇ ਇਹਨਾਂ ਦੇ ਸੱਤ ਹੀ ਸੰਖੇਪ ਰੂਪ ਨਿਯੁਕਤ ਕੀਤੇ ਹੋਏ ਹਨ, ਜਿਹਨਾਂ ਦੇ ਆਧਾਰ ਤੇ ਸਾਰੇ ਦੇ ਸਾਰੇ ਰਾਗ ਗਾਏ ਜਾਂਦੇ ਹਨ, ਜੋ ਸੰਖੇਪ ਰੂਪ ਵਿਚ ਇਸ ਪ੍ਰਕਾਰ ਹਨ :—

1. ਖਰਜ ਦਾ ਸੰਖੇਪ ਰੂਪ ਹੈ 'ਸਾ', ਰਿਖ਼ਬ ਦਾ 'ਰੇ', ਗੰਧਾਰ ਦਾ 'ਗਾ', ਮੱਧਮ ਦਾ 'ਮਾ', ਪੰਚਮ ਦਾ 'ਪਾ', ਧੈਵਤ ਦਾ ਸੰਖੇਪ ਰੂਪ ਹੈ 'ਧਾ' ਅਤੇ ਨਿਖਾਧ ਦਾ ਸੰਖੇਪ ਰੂਪ ਹੈ 'ਨੀ'।

ਵਿਦਵਾਨਾਂ ਨੇ ਸੁਰ ਦੇ ਦੋ ਭਾਗ ਲਿਖੇ ਹਨ ਜਿਨ੍ਹਾਂ ਦੇ ਨਾ ਇਸ ਪ੍ਰਕਾਰ ਹਨ :

1. **ਅਚੱਲ ਸੁਰ :—** ਉਹ ਸੁਰ ਜਿਹੜੇ ਆਪਣਾ ਸਥਾਨ ਨਹੀਂ ਬਦਲਦੇ ਉਹਨਾਂ ਨੂੰ ਅਚੱਲ ਸੁਰ ਕਹਿੰਦੇ ਹਨ। ਇਹ ਸੁਰ ਹਨ : ਸਾ, ਪਾ।

**ਵਿਕਰਤ ਸੁਰ** :—ਉਹ ਸੁਰ ਜਿਹੜੇ ਆਪਣਾ ਸਥਾਨ ਬਦਲ ਲੈਂਦੇ ਹਨ ਉਹਨਾਂ ਨੂੰ ਵਿਕਰਤ ਸੁਰ ਕਹਿੰਦੇ ਹਨ। ਇਹਨਾਂ ਦੀ ਗਿਣਤੀ ਪੰਜ ਹੈ ਅਤੇ ਇਹਨਾਂ ਦੇ ਨਾਂ ਹਨ : ਰੇ, ਗਾ, ਮਾ, ਧਾ, ਨੀ।

ਇਸੇ ਤਰ੍ਹਾਂ ਸੁਰਾਂ ਦਾ ਅਗੋਂ ਹੋਰ ਵਰਗੀਕਰਣ ਕੀਤਾ ਗਿਆ ਹੈ ਜਿਵੇਂ ਸ਼ੁੱਧ ਸੁਰ, ਕੋਮਲ ਸੁਰ ਅਤੇ ਤੀਬਰ ਸੁਰ ਆਦਿ।

**ਸ਼ੁੱਧ ਸੁਰ** :—ਜਿਹੜੇ ਸੁਰ ਆਪਣੀ ਅਸਲੀ ਥਾਂ ਤੇ ਸਦਾ ਟਿਕੇ (ਕਾਇਮ) ਰਹਿੰਦੇ ਹਨ, ਉਹਨਾਂ ਨੂੰ ਸ਼ੁੱਧ ਸੁਰ ਕਹਿੰਦੇ ਹਨ। ਇਹਨਾਂ ਦੀ ਗਿਣਤੀ ਸੱਤ ਹੈ ਅਤੇ ਇਹਨਾਂ ਦੇ ਨਾਂ ਹਨ : ਸਾ, ਰੇ, ਗਾ, ਮਾ, ਪਾ, ਧਾ, ਨੀ।

**ਕੋਮਲ ਸੁਰ** :—ਜਿਹੜੇ ਸੁਰ ਆਪਣੀ ਅਸਲੀ ਥਾਂ ਛੱਡ ਕੇ ਨੀਵੀਂ ਆਵਾਜ਼ ਦੇਣ, ਉਹਨਾਂ ਨੂੰ ਕੋਮਲ ਸੁਰ ਕਹਿੰਦੇ ਹਨ। ਇਹ ਗਿਣਤੀ ਵਿਚ ਚਾਰ ਹਨ ਅਤੇ ਇਹਨਾਂ ਦੇ ਨਾਂ ਇਸ ਪ੍ਰਕਾਰ ਹਨ : ਰੇ, ਗਾ, ਧਾ, ਨੀ।

**ਤੀਬਰ ਸੁਰ** :—ਜਿਹੜੇ ਸੁਰ ਆਪਣਾ ਅਸਲ ਟਿਕਾਣਾ ਛੱਡ ਕੇ ਉੱਚੀ ਆਵਾਜ਼ ਦੇਣ, ਉਹਨਾਂ ਨੂੰ ਤੀਬਰ ਸੁਰ ਕਹਿੰਦੇ ਹਨ। ਇਹ ਇੱਕੋ ਹੈ ਜਿਸ ਦਾ ਨਾਂ ਹੈ 'ਮੇ' ਸੁਰਾਂ ਦੀ ਬੰਸਾਵਲੀ ਇਸ ਪ੍ਰਕਾਰ ਹੈ :




---

ਮਿੱਠੀ ਸੁਰ ਬਾਰੇ ਸੰਸਾਰ ਪ੍ਰਸਿੱਧ ਸੰਗੀਤਕਾਰਾਂ ਦੇ ਵਿਚਾਰ ਇਸ ਪ੍ਰਕਾਰ ਹਨ :

1. ਅਸਲੀ ਆਨੰਦ ਤਾਂ ਸੁਰੀਲੀ ਸੁਰ ਵਿਚ ਹੀ ਹੁੰਦਾ ਹੈ। (ਉਸਤਾਦ ਅਲਾਉਦੀਨ ਖਾਂ)
2. ਸੁਰ ਦੇ ਤੀਰ ਦੀ ਮਾਰ ਬੜੀ ਵਿਕਟ ਹੁੰਦੀ ਹੈ। (ਉਸਤਾਦ ਅਮੀਰ ਖਾਂ)
3. ਸੁਰ ਦੀ ਸ਼ਕਤੀ ਪੱਥਰਾਂ ਨੂੰ ਮੋਮ ਕਰ ਦਿੰਦੀ ਹੈ। (ਉਸਤਾਦ ਬਿਸਮਿੱਲਾ ਖਾਂ)

4. ਸੁਰ ਇਕ ਜਾਦੂ ਹੈ, ਜੋ ਪਸ਼ੂ ਪੰਛੀਆਂ ਨੂੰ ਵੀ ਮੁਗਧ ਕਰ ਦਿੰਦੀ ਹੈ । (ਸਵਾਮੀ ਹਰੀ ਦਾਸ)

5. ਜਿੱਥੇ ਸੰਗੀਤ ਸੁਰੀਲਾ ਹੁੰਦਾ ਹੈ ਉੱਥੇ ਮੈਂ ਆਪਣੇ ਆਪ ਨੂੰ ਖੋ ਬੈਠਦੀ ਹੈ । (ਲਤਾ ਮੰਗੇਸ਼ਕਰ)

6. ਮੇਰੀ ਬੀਮਾਰੀ ਸੁਰੀਲੇ ਸੁਰ ਨਾਲ ਜਿਤਨੀ ਛੇਤੀ ਠੀਕ ਹੋ ਜਾਂਦੀ ਹੈ ਉਤਨੀ ਛੇਤੀ ਕਿਸੇ ਦਵਾ ਨਾਲ ਨਹੀਂ ਹੁੰਦੀ । (ਮਹਾਤਮਾ ਗਾਂਧੀ)

7. ਜੀਵਨ ਦੀ ਕਲਿਆਣ (ਮੁਕਤੀ, ਪ੍ਰਭੂ ਪ੍ਰਾਪਤੀ) ਦਾ ਆਧਾਰ ਕੇਵਲ ਤੇ ਕੇਵਲ ਸੰਗੀਤ ਹੀ ਹੈ । (ਗੁਰੂ ਨਾਨਕ)

8. ਸੁਰੀਲਾ ਸੁਰ ਬਦ ਸੂਰਤ ਵਿਅਕਤੀਆਂ ਦੀ ਕਦਰ ਕਰਾ ਦੇਂਦਾ ਹੈ । (ਸਾਹਿਤਕਾਰ)

9. ਨਿਯਮਤ ਸੁਰਾਂ ਦੇ ਆਧਾਰ ਤੇ ਗਾਇਆ ਸੰਗੀਤ ਸਰਵ ਪ੍ਰਿਯ ਤੇ ਮਨਮੋਹਕ ਹੁੰਦਾ ਹੈ । (ਲਾਲ ਜੀ)

10. ਬਿਨ੍ਹਾਂ ਮਿੱਠੀ ਸੁਰ ਦੇ ਗਾਉਣਾ ਸੰਗੀਤ ਦੀ ਆਪੱਤੀ ਹੈ । (ਬੇਦੀ ਜੀ)

ਸੰਗੀਤ ਦਾ ਕੇਂਦਰੀ ਧੁਰਾ ਮਿੱਠੀ, ਰਸਦਾਇਕ ਤੇ ਸੁਰੀਲੀ ਸੁਰ ਹੀ ਹੁਦੀ ਹੈ । ਇਸ ਸੁਰ ਨੂੰ ਸੁਰੀਲੀ ਕਰਨ ਦੇ ਚੰਦ ਨੁਸਖੇ ਪੇਸ਼ ਕਰਦੇ ਹਾਂ ਜਿਨ੍ਹਾਂ ਦੀ ਵਰਤੋਂ ਕਰਨ ਨਾਲ ਸੁਰ ਮਿੱਠੀ ਤੇ ਸੁਰੀਲੀ ਹੋ ਜਾਂਦੀ ਹੈ ।

1. ਸਦਾ ਖੁੱਲ੍ਹੇ ਗਲੇ ਨਾਲ ਗਾਉ । ਸੁਰ ਠੀਕ ਨਿਕਲੇਗੀ ।
2. ਗਾਉਣ ਸਮੇਂ ਆਪਣੀ ਸੁਰਤੀ ਨੂੰ ਇਕਾਗਰ ਰੱਖੋ ।
3. ਇਸ ਸੁੰਦਰਤਾ ਨਾਲ ਗਾਉ ਕਿ ਸਰੋਤਿਆਂ ਨੂੰ ਤੁਹਾਡੀ ਗਲਤੀ ਜਾਂ ਸੁਰ, ਲੈ ਦੇ ਅਨਿਯਮਕ ਹੋਣ ਦਾ ਪਤਾ ਨਾ ਲੱਗੇ । ਸਗੋਂ ਸੁਰ ਚੰਗੀ ਲੱਗੇ ।
4. ਸੁਰੀਲੀ ਆਵਾਜ਼ ਲਈ ਆਵਾਜ਼ ਨੱਕ ਰਾਹੀਂ ਨਹੀਂ ਕੱਢਣੀ ਚਾਹੀਦੀ ।
5. ਸੁਰ ਦੇ ਉਤਾਰ ਚੜ੍ਹਾਉ ਵੱਲ ਵਿਸ਼ੇਸ਼ ਧਿਆਨ ਨਾਲ ਗਾਉਣ ਨਾਲ ਸੁਰ ਸੁਰੀਲੀ ਨਿਕਲੇਗੀ ।
6. ਮਾਇਕ (Micıophone) ਨਾਲ ਮੂੰਹ ਲਾ ਕੇ ਕਦੇ ਵੀ ਨਹੀਂ ਗਾਉਣਾ ਚਾਹੀਦਾ, ਸਗੋਂ ਕੁਝ ਵਿੱਥ ਤੇ ਗਾਉਣਾ ਚਾਹੀਦਾ ਹੈ ।
7. ਭੋਜਨ ਛਕਣ ਉਪਰੰਤ ਲੂਣ ਦੇ ਗਰਾਰੇ ਕਰਨ ਨਾਲ ਸੁਰ ਸੁਰੀਲੀ ਬਣਦੀ ਹੈ ।
8. ਖੱਟੀਆਂ ਚੀਜ਼ਾਂ ਬਰਫ ਅਤੇ ਤਲੀਆਂ ਚੀਜ਼ਾਂ ਨੂੰ ਵੀ ਨਹੀਂ ਵਰਤਣਾ ਚਾਹੀਦਾ । ਇਹ ਸੁਰ ਦੀਆਂ ਵੈਰੀ ਹਨ ।
9. ਲੌਂਗ, ਮਿਸਰੀ, ਇਲੈਚੀ, ਪਿਪਰਾਮੈਂਟ ਦਾ ਪ੍ਰਯੋਗ ਸੁਰ ਨੂੰ ਰਸ ਦਾਇਕ ਬਣਾਉਂਦਾ ਹੈ ।
10. ਤ੍ਰਿਫਲੇ ਨੂੰ ਵਰਤਣ ਨਾਲ ਵੀ ਸੁਰ ਸੁਰੀਲੀ ਬਣ ਜਾਂਦੀ ਹੈ ।

ਸਪਤਕ :—ਕ੍ਰਮਵਾਰ ਸੱਤਾਂ ਸੁਰਾਂ ਨੂੰ ਸਪਤਕ ਕਹਿੰਦੇ ਹਨ। ਸਪਤਕ ਤਿੰਨ ਹੁੰਦੇ ਹਨ :-

1. ਮੰਦਰ ਸਪਤਕ 2. ਮੱਧ ਸਪਤਕ 3. ਤਾਰ ਸਪਤਕ।

ਸਰਗਮ : ਸਰਗਮ ਉਹ ਸੰਗੀਤਕ ਰਚਨਾ ਹੈ, ਜਿਹੜੀ ਕਿਸੇ ਤਾਲ ਵਿਚ ਬੰਨ੍ਹ ਕੇ ਗਾਈ ਜਾਂ ਵਜਾਈ ਜਾਵੇ ਤੇ ਉਸ ਵਿਚ ਗੀਤ ਦੇ ਸ਼ਬਦ ਨਾ ਹੋਣ।

ਰਾਗ ਰਾਗਨੀ ਨਾਲ ਸੰਬੰਧਤ ਚੀਜ਼ਾਂ :—

1. ਵਾਦੀ ਸੁਰ :—ਜਿਸ ਦਾ ਸੰਬੰਧ ਅਧਿਕਤਰ ਰਾਗ ਰਾਗਨੀ ਨਾਲ ਹੋਵੇ ਅਤੇ ਜੋ ਹਰ ਰਾਗ ਦਾ ਪ੍ਰਧਾਨ ਸੁਰ ਹੋਵੇ, ਉਸ ਨੂੰ ਵਾਦੀ ਸੁਰ ਕਹੀਦਾ ਹੈ।

2. ਸੰਵਾਦੀ ਸੁਰ :—ਜਿਸ ਦਾ ਸੰਬੰਧ ਵਾਦੀ ਸੁਰ ਨਾਲੋਂ ਘੱਟ ਹੋਵੇ, ਉਸ ਨੂੰ ਸੰਵਾਦੀ ਸੁਰ ਕਹੀਦਾ ਹੈ।

3. ਅਨੁਵਾਦੀ ਸੁਰ :—ਰਾਗ ਵਿਚ ਵਾਦੀ ਅਤੇ ਸੰਵਾਦੀ ਸੁਰ ਛੱਡ ਕੇ ਬਾਕੀ ਦੇ ਸਾਰੇ ਸੁਰ ਅਨੁਵਾਦੀ ਹਨ। ਇਹਨਾਂ ਦਾ ਸੰਬੰਧ ਸੰਵਾਦੀ ਸੁਰ ਤੋਂ ਘੱਟ ਹੁੰਦਾ ਹੈ।

4. ਵਿਵਾਦੀ ਸੁਰ :—ਜਿਸ ਸੁਰ ਦੇ ਲੱਗਣ ਨਾਲ ਕਿਸੇ ਰਾਗ ਰਾਗਨੀ ਦਾ ਰੂਪ ਵਿਗੜ ਜਾਵੇ ਅਤੇ ਆਵਾਜ਼ ਕੰਨਾਂ ਨੂੰ ਨਾ ਭਾਵੇ, ਉਸ ਨੂੰ ਵਿਵਾਦੀ ਸੁਰ ਕਹਿੰਦੇ ਹਨ।

GURSIKH SANJOG
ENGLISH PUNJABI FORTNIGHTLY
POPULAR FOR SIKH MATRIMONIALS
CONTACT
YOUNG SIKH CULTURAL ASSOCIATION
GURU NANAK LIBRARY
GURDWARA AKALI BABA PHOOLA SINGH
RAJINDER NAGAR NEW DELHI-60

ਪੜ੍ਹੋ
ਸੱਚ ਖੰਡ ਪੱਤਰ
ਸ੍ਰੀ ਹਜ਼ੂਰ ਸਾਹਿਬ
ਨਦੇੜ (ਮਹਾਂਰਸ਼ਟਰ)

5. ਆਰੋਹੀ :—ਕਿਸੇ ਮੰਨੇ ਹੋਏ ਖਰਜ ਤੋਂ ਉਪਰਲੇ ਖਰਜ ਨੂੰ ਜਾਣ ਨੂੰ ਆਰੋਹੀ ਕਹਿੰਦੇ ਹਨ। ਇਸ ਦੇ ਅੱਗੋਂ ਦੋ ਭੇਦ ਹਨ :

ੳ) ਸ਼ੁੱਧ ਆਰੋਹੀ :—ਜਿਹੜੀ ਸੁਰ ਰਾਗ ਦੇ ਜਾਤੀ ਭੇਦ ਅਨੁਸਾਰ ਕ੍ਰਮਵਾਰ ਚਲਦੀ ਜਾਵੇ, ਉਸ ਵਿਚ ਭਾਵੇਂ ਕੋਈ ਕੋਮਲ ਜਾਂ ਤੀਬਰ ਸੁਰ ਲੱਗਦੀ ਹੋਵੇ, ਉਸ ਨੂੰ ਸ਼ੁੱਧ ਆਰੋਹੀ ਕਹਿੰਦੇ ਹਨ, ਜਿਵੇਂ ਆਸਾਵਰੀ ਵਿਚ ਸਾ, ਗਾ, ਮਾ, ਧਾ, ਸਾ, ਸੁਰਾਂ ਲੱਗਦੀਆਂ ਹਨ।

ਅ) ਵੱਕਰ ਅਰੋਹੀ :—ਉਹ ਸੁਰ ਜਿਹੜੀ ਰਾਗ ਵਿਚ ਉਸ ਰਾਗ ਦੇ ਜਾਤੀ ਭੇਦ ਅਨੁਸਾਰ ਕ੍ਰਮਵਾਰ ਨਾ ਚੱਲੇ ਸਗੋਂ ਅੱਗੇ ਪਿੱਛੇ ਹੋ ਕੇ ਕਾਇਮ ਕੀਤੇ ਖਰਜ ਤੋਂ ਦੂਜੇ ਸਪਤਕ ਤੱਕ ਉਪਰ ਨੂੰ ਜਾਵੇ, ਉਸ ਨੂੰ ਵੱਕਰ ਆਰੋਹੀ ਕਹਿੰਦੇ ਹਨ।

6. ਅਵਰੋਹੀ :—ਉਪਰ ਵਾਲੇ ਖਰਜ ਤੋਂ ਹੇਠਾਂ ਵੱਲ ਨੂੰ ਵਾਪਸ ਆਉਣ ਨੂੰ ਅਵਰੋਹੀ ਸੁਰ ਆਖਦੇ ਹਨ। ਇਹ ਵੀ ਦੋ ਪ੍ਰਕਾਰ ਦੀ ਹੁੰਦੀ ਹੈ :

ੳ) ਸ਼ੁੱਧ ਅਵਰੋਹੀ :—ਜਿਹੜੀ ਸੁਰ ਰਾਗ ਵਿਚ ਉਸ ਨਿਯਮ ਦੀ ਪਾਲਨਾ ਕਰੇ ਅਤੇ ਉਪਰ ਤੋਂ ਹੇਠਾਂ ਵੱਲ ਨੂੰ ਆਵੇ, ਉਹ ਸ਼ੁੱਧ ਅਵਰੋਹੀ ਹੈ, ਜਿਵੇਂ ਬਿਲਾਵਲ ਰਾਗ ਵਿੱਚ ਇਹ ਇਸ ਤਰ੍ਹਾਂ ਆਉਂਦੀ ਹੈ : ਸਾ, ਨੀ, ਧਾ, ਮਾ, ਗਾ, ਰੇ, ਸਾ

ਅ) ਵੱਕਰ ਅਵਰੋਹੀ :—ਜਿਹੜੀ ਸੁਰ ਰਾਗ ਵਿੱਚ ਉਸ ਰਾਗ ਦੇ ਜਾਤੀ ਭੇਦ ਅਨੁਸਾਰ ਹੁੰਦੇ ਹੋਏ, ਅੱਗੇ ਪਿੱਛੇ ਹੋ ਕੇ ਉਪਰ ਤੋਂ ਹੇਠਾਂ ਵੱਲ ਨੂੰ ਆਵੇ, ਉਸ ਨੂੰ ਵੱਕਰ ਅਵਰੋਹੀ ਕਹਿੰਦੇ ਹਨ।

7. ਆਲਾਪ :—ਜਿਸ ਵਿੱਚ ਗੀਤ ਦੇ ਸ਼ਬਦ ਨਾ ਵਰਤੇ ਜਾਣ ਸਗੋਂ "ਆ" ਅੱਖਰ ਉਚਾਰਿਆ ਜਾਵੇ, ਉਸ ਨੂੰ ਅਲਾਪ ਆਖਦੇ ਹਨ।

8. ਸਰਗਮ :—ਉਹ ਰਚਨਾ ਜਿਹੜੀ ਤਾਲ ਵਿੱਚ ਬੰਨ੍ਹ ਕੇ ਗਾਈ ਜਾਂ ਵਜਾਈ ਜਾਵੇ, ਪਰ ਉਸ ਵਿੱਚ ਗੀਤ ਦੇ ਸ਼ਬਦ ਨਾ ਹੋਣ, ਉਸ ਨੂੰ ਸਰਗਮ ਕਹਿੰਦੇ ਹਨ।

9. ਵਰਣ :—ਗਾਉਣ ਦੀ ਹਰ ਇਕ ਚਾਲ ਨੂੰ ਵਰਣ ਆਖਦੇ ਹਨ। ਇਹ ਚਾਰ ਪ੍ਰਕਾਰ ਦੀ ਹੁੰਦੀ ਹੈ :

ੳ) ਸਥਾਈ ਵਰਣ :—ਇਕ ਹੀ ਸੁਰ ਨੂੰ ਵਾਰ ਵਾਰ ਅਤੇ ਠਹਿਰ ਠਹਿਰ ਕੇ ਉਚਾਰਨ ਕਰਨ ਨੂੰ ਸਥਾਈ ਵਰਣ ਆਖਦੇ ਹਨ।

ਅ) ਆਰੋਹੀ ਵਰਣ :—ਹੇਠਲੀ ਸੁਰ ਤੋਂ ਉੱਚੀ ਸੁਰ ਤੱਕ ਜਾਣ ਨੂੰ ਆਰੋਹੀ ਵਰਣ ਆਖਦੇ ਹਨ।

ੲ) ਅਵਰੋਹੀ ਵਰਣ '—ਉੱਚੀ ਸੁਰ ਤੋਂ ਹੇਠਲੀ ਸੁਰ ਵੱਲ ਆਉਣ ਨੂੰ ਅਵਰੋਹੀ ਵਰਣ ਆਖਦੇ ਹਨ।

ਸ) ਸੰਚਾਰੀ ਵਰਣ :—ਉਪਰ ਦੱਸੇ ਤਿੰਨਾਂ ਵਰਣਾਂ ਦੇ ਮੇਲ ਨੂੰ ਘੜੀ-ਮੁੜੀ ਉਚਾਰਨ ਕਰਨ ਨੂੰ ਸੰਚਾਰੀ ਵਰਣ ਆਖਦੇ ਹਨ।

10. ਅਸਥਾਈ :—ਗੀਤ ਜਾਂ ਗਾਉਣ ਦੇ ਪਹਿਲੇ ਭਾਗ ਨੂੰ ਅਸਥਾਈ ਕਹਿੰਦੇ ਹਨ। ਅਸਥਾਈ ਵਿੱਚ ਵਾਦੀ ਸੁਰ ਨੂੰ ਜ਼ਿਆਦਾ ਵਿਖਾਇਆ ਜਾਂਦਾ ਹੈ। ਇਸ ਭਾਗ ਵਿੱਚ ਆਮ ਕਰਕੇ ਮੰਦਰ ਅਤੇ ਮੱਧ ਸਪਤਕ ਦੀਆਂ ਸੁਰਾਂ ਹੀ ਵਰਤੀਆਂ ਜਾਂਦੀਆਂ ਹਨ।

11. ਅੰਤਰੇ :—ਗੀਤ ਜਾਂ ਗਾਉਣ ਦੇ ਦੂਜੇ ਭਾਗ ਨੂੰ ਅੰਤਰਾ ਕਹਿੰਦੇ ਹਨ। ਇਸ ਭਾਗ ਵਿੱਚ ਅੰਤਰਾ ਉਠਾ ਮੱਧ ਸਪਤਕ ਦੇ ਗੰਧਾਰ, ਮਧਮ ਜਾਂ ਪੰਚਮ ਤੋਂ ਸ਼ੁਰੂ ਹੋ ਕੇ ਤਾਰ ਸਪਤਕ ਤੱਕ ਆਉਂਦਾ ਹੈ ਅਤੇ ਸੰਵਾਦੀ ਸੁਰ ਨੂੰ ਪ੍ਰਗਟ ਕਰਦਾ ਹੈ ਅਤੇ ਤਾਰ ਸਪਤਕ 'ਤੇ ਪੂਰਾ ਜ਼ੋਰ ਦਿੱਤਾ ਜਾਂਦਾ ਹੈ, ਇਸ ਸਾਰੀ ਪ੍ਰਕ੍ਰਿਆ ਨੂੰ ਅੰਤਰੇ ਕਿਹਾ ਜਾਂਦਾ ਹੈ।

12. ਪਲਟਾ :—ਰਾਗ ਦੀਆਂ ਸੁਰਾਂ ਦੇ ਉਸ ਇਕੱਠ ਨੂੰ ਪਲਟਾ ਆਖਿਆ ਜਾਂਦਾ ਹੈ ਜੋ ਤਾਲ ਵਿੱਚ ਬੰਨ੍ਹਿਆ ਹੋਵੇ ਅਤੇ ਕਾਇਮ ਕੀਤੀ ਹੋਈ ਲੈਅ ਤੋਂ ਦੁੱਗਣੀ ਲੈਅ ਵਿੱਚ ਗਾਇਆ ਜਾਵੇ।

13. ਮੁੱਖ ਅੰਗ :—ਰਾਗ ਦੀਆਂ ਕੁਝ ਖਾਸ ਮੁਖੀ ਸੁਰਾਂ ਦਾ ਜੋੜ, ਜਿਸ ਦੇ ਬੋਲਣ ਜਾਂ ਵਜਾਉਣ ਨਾਲ ਰਾਗ ਦਾ ਸਰੂਪ ਸਾਫ਼ ਲੱਭੇ, ਉਸ ਨੂੰ ਮੁੱਖ ਅੰਗ ਜਾਂ ਪਕੜ ਆਖਦੇ ਹਨ।

14. ਗਰਾਮ :—ਸੁਰਾਂ ਦੇ ਆਰੋਹੀ ਅਵਰੋਹੀ ਦੇ ਨਿਵਾਸ ਚਰਨ ਦੀ ਥਾਂ ਨੂੰ ਗਰਾਮ ਆਖਦੇ ਹਨ। ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ :

ੳ) ਖਰਜ ਗਰਾਮ :—ਇਸ ਗਰਾਮ ਦੀ ਆਵਾਜ ਮੰਦਰ ਸਪਤਕ ਦੇ ਪੰਚਮ 'ਪਾ' ਤੋਂ ਮੱਧ ਸਪਤਕ ਦੇ ਮੱਧਮ 'ਮਾ' ਤੱਕ ਜਾਂਦੀ ਹੈ।

ਅ) ਮਧਮ ਗਰਾਮ :—ਇਸ ਗਰਾਮ ਦੀ ਆਵਾਜ ਮੱਧ ਸਪਤਕ ਦੇ ਮੱਧਮ 'ਮਾ' ਤੱਕ ਜਾਂਦੀ ਹੈ।

ੲ) ਗੰਧਾਰ ਗਰਾਮ :—ਤਾਰ ਸਪਤਕ ਦੇ ਗੰਧਾਰ 'ਗਾ' ਤੋਂ ਲੈ ਕੇ ਅਤੀ ਤੋਂ ਸ਼ੁਰੂ ਹੋ ਕੇ ਤਾਰ ਸਪਤਕ ਦੇ ਗੰਧਾਰ 'ਗਾ' ਤਾਰ ਸਪਤਕ ਦੇ ਰਿੱਖਬ 'ਰੇ' ਤੱਕ ਨੂੰ ਗੰਧਾਰ ਗਰਾਮ ਅਥਵਾ ਨਿਖਾਧ ਗਰਾਮ ਵੀ ਕਹਿੰਦੇ ਹਨ। ਇਸ ਗਰਾਮ ਨੂੰ ਸਾਮਵੇਦ ਦੀਆਂ ਰੀਤੀਆਂ ਦੇ ਆਧਾਰ ਤੇ ਕੇਵਲ ਦੇਵਤੇ ਹੀ ਗਾ ਸਕਦੇ ਹਨ। ਇਸ ਗਰਾਮ ਦੇ ਸੁਰ ਬੜੇ ਬਾਰੀਕ ਹੁੰਦੇ ਹਨ।

15. ਤਾਨ :—ਕੁਝ ਸੁਰਾਂ ਨੂੰ ਤੇਜ਼ੀ ਨਾਲ ਗਾਉਣ ਨੂੰ ਤਾਨ ਕਿਹਾ ਜਾਂਦਾ ਹੈ। ਤਾਨਾਂ ਅਧਿਕ ਤਰ 'ਖਿਆਲ' ਵਿਚ ਹੀ ਵਰਤੀਆਂ ਜਾਂਦੀਆਂ ਹਨ। ਸੰਗੀਤਕਾਰ-ਸੁਰ ਤੇ ਤਾਨ ਨੂੰ ਗਾਉਣਾ ਦੱਸਦੇ ਹਨ। ਤਾਨਾਂ ਵੱਡੀਆਂ ਛੋਟੀਆਂ ਵੀ ਹੋ ਸਕਦੀਆਂ ਹਨ। ਤਾਨਾਂ ਵਿਚ ਵਾਦੀ, ਸੰਵਾਦੀ, ਵਰਜਿਤ ਸੁਰ ਅਰੋਹੀ ਤੇ ਅਵਰੋਹੀ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ। ਤਾਨਾਂ ਚਾਰ ਪ੍ਰਕਾਰ ਦੀਆਂ ਹੁੰਦੀਆਂ ਹਨ :—

(ੳ) ਸ਼ੁੱਧ ਤਾਨ—ਜਿਸ ਤਾਨ ਦੀਆਂ ਸੁਰਾਂ ਅਵਰੋਹੀ ਅਨੁਸਾਰ ਕ੍ਰਮਵਾਰ ਹੋਣ ਉਹ ਸ਼ੁੱਧ ਤਾਨ ਹੈ, ਜਿਵੇਂ—ਸਾ, ਰੇ, ਗਾ, ਮਾ, ਪਾ, ਧਾ, ਨੀ, ਸਾਂ, ਨੀ, ਧਾ, ਪਾ, ਮਾ, ਗਾ, ਰੇ, ਸਾ।

(ਅ) ਕੂਟਤਾਨ—ਜਿਸ ਤਾਨ ਦੇ ਸੁਰ ਕ੍ਰਮਵਾਰ ਨਾ ਹੋਣ ਜਿਵੇਂ —ਸਾ, ਰੇ, ਗਾ, ਮਾ, ਧਾ, ਪਾ, ਧਾ, ਨੀ, ਪਾ, ਧਾ, ਸਾਂ, ਨੀ, ਧਾ, ਪਾ, ਮਾ, ਰੇ, ਗਾ, ਰੇ, ਸਾ ।

(ੲ) ਮਿਸ਼ਰਤ ਤਾਨ —ਜਿਸ ਤਾਨ ਵਿਚ ਸ਼ੁੱਧ ਅਤੇ ਕੂਟ ਤਾਨ ਦੀ ਮਿਲਾਵਟ ਹੋਵੇ ਅਥਵਾ ਤਾਨ ਦਾ ਆਰੋਹੀ ਵਿਚ ਸ਼ੁੱਧ ਤਾਨ ਤੋਂ ਅਵਰੋਹੀ ਵਿਚ 'ਕੂਟਤਾਨ' ਹੋਵੇ ਜਿਵੇਂ—ਸਾ, ਰੇ, ਗਾ, ਮਾ, ਪਾ, ਮਾ, ਰੇ, ਗਾ, ਮਾ, ਧਾ, ਨੀ, ਸਾਂ, ਧਾ, ਪਾ, ਰੇ, ਗਾ, ਸਾ ।

(ਸ) ਬੋਲਤਾਨ— ਗੀਤ ਦੇ ਅੱਖਰਾਂ ਨੂੰ ਹੀ ਸੁਰ ਦੀ ਥਾਂ ਤੇਜੀ ਨਾਲ ਗਾਉਣ ਨੂੰ ਬੋਲਤਾਨ ਆਖਦੇ ਹਨ । ਉਪਰੋਕਤ ਚਾਰੇ ਤਾਨਾਂ ਸਰੀਰ ਦੇ ਹੇਠ ਲਿਖੇ ਹਿੱਸੇ ਤੋਂ ਲਈਆਂ ਜਾਂਦੀਆਂ ਹਨ ।

(ੳ) ਨਾਦ ਤਾਨ—ਇਹ ਤਾਨ ਧੁੰਨੀ ਤੋਂ ਲਈ ਜਾਂਦੀ ਹੈ ।
(ਅ) ਗਮਕ ਤਾਨ—ਇਹ ਤਾਨ ਛਾਤੀ ਤੋਂ ਲਈ ਜਾਂਦੀ ਹੈ ।
(ੲ) ਕੰਠ ਤਾਨ—ਇਹ ਤਾਨ ਗਲ਼ੇ ਤੋਂ ਲਈ ਜਾਂਦੀ ਹੈ ।
(ਸ) ਬੰਦ ਤਾਨ— ਇਹ ਤਾਨ ਮੱਥੇ ਤੋਂ ਲਈ ਜਾਂਦੀ ਹੈ ।

16. ਮੂਰਛਨਾ—ਸੁਰਾਂ ਦੇ ਕ੍ਰਮ ਅਨੁਸਾਰ ਆਰੋਹੀ ਅਵਰੋਹੀ ਕਰਨ ਨੂੰ ਮੂਰਛਨਾ ਕਹਿੰਦੇ ਹਨ ;

17. ਪ੍ਰਬੰਧ—ਰਾਗਾਂ ਅਤੇ ਤਾਲਾਂ ਵਿਚ ਗਾਉਣ ਲਈ ਰਚੇ ਹੋਏ ਗੀਤਾਂ ਨੂੰ ਪ੍ਰਬੰਧ ਆਖਦੇ ਹਨ । ਇਹ ਕਈ ਪ੍ਰਕਾਰ ਦੇ ਹੁੰਦੇ ਹਨ ।

1. ਧੁਰਪਦ 2. ਸਾਦਰਾ 3. ਧੁਮਾਰ 4. ਖਿਆਲ 5. ਠਮਰੀ 6. ਤਰਾਨਾ 7. ਲੱਛਣ ਗੀਤ 8. ਤਿਰਵੱਟ 9. ਹੋਰੀ 10. ਚਤਰੰਗ 11. ਟੱਪਾ 12. ਸ਼ਬਦ 13. ਭਜਨ 14. ਗੀਤ 15. ਦਾਦਰਾ 16. ਗ਼ਜ਼ਲ 17. ਕਵਾਲੀ ਆਦਿ ।

ਇਸ ਤਰ੍ਹਾਂ ਇਸ ਲੇਖ ਵਿਚ ਅਸੀਂ ਸੰਗੀਤ ਦੇ ਪ੍ਰਸਿੱਧ ਤੇ ਮੁੱਖ ਅੰਗ ਹੀ ਪਾਠਕਾਂ ਨੂੰ ਪੇਸ਼ ਕਰਨ ਦਾ ਹੀਆ ਕੀਤਾ ਹੈ । ਪੂਰਣ ਆਸ ਕਰਦੇ ਹਾਂ ਕਿ ਪਾਠਕ ਸੱਜਣ ਇਹਨਾਂ ਨੂੰ ਗਹੁ ਨਾਲ ਵਾਚ ਕੇ ਸੰਗੀਤ ਦਾ ਰਸ ਪ੍ਰਾਪਤ ਕਰਨਗੇ । ★

# ਰਾਗ ਬਸੰਤ–ਪਰਿਚਯ

ਪਰਿਚਯ :—ਬਸੰਤ ਬੜਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ । ਇਸ ਰਾਗ ਦਾ ਬਸੰਤ ਰੁੱਤ ਨਾਲ ਬੜਾ ਗਹਿਰਾ ਸੰਬੰਧ ਹੈ । ਇਸ ਕਰਕੇ ਇਸ ਨੂੰ ਮੌਸਮੀ ਜਾਂ 'ਰਿਤੂ ਕਾਲੀਨ' ਰਾਗ ਮੰਨਿਆ ਜਾਂਦਾ ਹੈ । ਮੱਧ ਕਾਲ ਤੋਂ ਵਰਤਮਾਨ ਤੱਕ ਇਸ ਰਾਗ ਦੇ ਸੰਬੰਧ ਵਿਚ ਕਈ ਮਤ ਪ੍ਰਚਾਰ ਵਿਚ ਰਹੇ ਹਨ । ਇਕ ਮਤ ਨੇ ਇਸ ਨੂੰ ਮਾਰਵਾ ਮੇਲ ਦੇ ਅੰਤਰਗਤ ਰੱਖਿਆ ਅਤੇ ਜਾਤੀ ਸੰਪੂਰਣ ਮੰਨੀ, ਦੂਸਰੇ ਨੇ ਮੇਲ ਤਾ ਮਾਰਵਾ ਹੀ ਸਵੀਕਾਰਿਆ ਪਰ ਪੰਚਮ ਦਾ ਤਿਆਗ ਦਰਸਾਇਆ, ਤੀਜੇ ਨੇ ਇਸ ਨੂੰ ਪੂਰਵੀ ਥਾਟ ਵਿਚ ਸ਼ਾਮਲ ਕਰਕੇ ਕੇਵਲ ਤੀਬਰ ਮਧਿਅਮ ਦੀ ਵਰਤੋਂ ਕੀਤੀ ਅਤੇ ਚੌਥੇ ਨੇ ਥਾਟ ਤਾਂ ਪੂਰਵੀ ਹੀ ਮੰਨਿਆ ਪਰ ਦੋਹਾਂ ਮੱਧਿਅਮਾਂ ਦਾ ਪ੍ਰਯੋਗ ਕੀਤਾ । ਆਧੁਨਿਕ ਸਮੇਂ ਅੰਤਮ ਮੇਲ ਵਾਲਾ ਬਸੰਤ ਵਧੇਰੇ ਪ੍ਰਚਲਿਤ ਹੈ ਅਤੇ ਇਹ ਹੈ ਵੀ ਬੜਾ ਮਨੋਹਰ ।

ਬਸੰਤ ਰਾਗ ਦੀ ਰਚਨਾ ਪੂਰਵੀ ਮੇਲ ਤੋਂ ਮੰਨੀ ਜਾਂਦੀ ਹੈ । ਇਸ ਵਿਚ ਰਿਸ਼ਭ ਧੈਵਤ ਕੋਮਲ, ਮੱਧਿਅਮ ਦੋਵੇਂ ਅਤੇ ਹੋਰ ਸਭ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ । ਇਸ ਦੇ ਆਰੋਹ ਵਿਚ ਰਿਸ਼ਭ ਅਤੇ ਪੰਚਮ ਸੁਰ ਨਹੀਂ ਲਗਦੇ । ਅਵਰੋਹ ਵਿਚ ਵਕਰ ਢੰਗ ਨਾਲ ਸੱਤ ਸੁਰਾਂ ਦੀ ਵਰਤੋਂ ਹੁੰਦੀ ਹੈ । ਇਸ ਲਈ ਜਾਤੀ ਔਡਵ ਵਕਰ ਸੰਪੂਰਣ ਮੰਨੀ ਜਾਂਦੀ ਹੈ । ਇਸ ਰਾਗ ਦਾ ਵਾਦੀ ਸੁਰ ਸ਼ਡਜ (ਤਾਰ) ਅਤੇ ਸੰਵਾਦੀ ਪੰਚਮ ਹੈ । ਇਹ ਉਤਰਾਂਗ-ਸੰਧੀ-ਪ੍ਰਕਾਸ਼-ਰਾਗ ਹੈ । ਬਸੰਤ ਰੁੱਤ ਵਿਚ ਹਰ ਸਮੇਂ ਅਤੇ ਬਾਕੀ ਰੁੱਤਾਂ ਵਿਚ ਇਸ ਦਾ ਸਮਾਂ ਅੱਧੀ ਰਾਤ ਤੋਂ ਬਾਅਦ ਮੰਨਿਆ ਜਾਂਦਾ ਹੈ । ਸੰਗੀਤਕਾਰਾਂ ਨੇ ਇਸ ਨੂੰ ਗੰਭੀਰ ਪ੍ਰਕ੍ਰਿਤੀ ਦਾ ਰਾਗ ਮੰਨਿਆ ਹੈ ।

ਆਰੋਹ—ਸਾ ਗ, ਮੇ ਧੁ ਰੁਂ ਸਾਂ ।

ਅਵਰੋਹ—ਸਾਂ ਰੁਂ ਨੀ ਧੁ, ਪ, ਮੇਗ, ਮੋਗ, ਮੇਗ, ਰੁ ਸਾ ।

—ਮੁੱਖ ਅੰਗ – ਮੇ ਧੁ ਰੁਂ ਸਾਂ ਰੁਂ ਨੀ ਧੁ ਪ, ਮਗ ਮਗ ।

# ਬਸੰਤ ਮ: ੩ ॥ ਪੰਨਾ ੧੧੭੭

ਬਸੰਤੁ ਚੜਿਆ ਫੂਲੀ ਬਨਰਾਇ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥
ਇਨ ਬਿਧਿ ਇਹੁ ਮਨੁ ਹਰਿਆ ਹੋਇ ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥੧॥ਰਹਾਉ॥
ਸਤਿਗੁਰ ਬਾਣੀ ਸਬਦੁ ਸੁਣਾਏ ॥
ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥
ਫਲ ਫੂਲ ਲਾਗੇ ਜਾਂ ਆਪੇ ਲਾਇ ॥ ਮੂਲਿ ਲਗੈ ਤਾਂ ਸਤਿਗੁਰ ਪਾਏ ॥੩॥
ਆਪਿ ਬਸੰਤੁ ਜਗਤੁ ਸਭੁ ਵਾੜੀ ॥ ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥

**ਅਰਥ :** ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ (ਆਪਣੇ ਅੰਦਰੋਂ) ਹਉਮੈ ਧੋ ਕੇ ਕੱਢ ਦੇਂਦਾ ਹੈ ਅਤੇ ਦਿਨ ਰਾਤ ਹਰ ਵੇਲੇ ਪਰਮਾਤਮਾ ਦਾ ਨਾਮ ਜਪਦਾ ਹੈ, ਇਸ ਤਰੀਕੇ ਨਾਲ (ਉਸ ਦਾ) ਇਹ ਮਨ ਆਤਮਕ ਜੀਵਨ ਨਾਲ ਭਰਪੂਰ ਹੋ ਜਾਂਦਾ ਹੈ ।੧।ਰਹਾਉ ।

ਹੇ ਭਾਈ ! (ਜਿਵੇਂ ਜਦੋਂ) ਬਸੰਤ ਦਾ ਮੌਸਮ ਸ਼ੁਰੂ ਹੁੰਦਾ ਹੈ ਤਦੋਂ ਸਾਰੀ ਬਨਸਪਤੀ ਖਿੜ ਪੈਂਦੀ ਹੈ (ਤਿਵੇਂ) ਇਹ ਸਾਰੇ ਜੀਵ ਪਰਮਾਤਮਾ ਵਿਚ ਚਿੱਤ ਜੋੜ ਕੇ ਆਤਮਕ ਜੀਵਨ ਨਾਲ ਖਿੜ ਪੈਂਦੇ ਹਨ ।੧।

ਹੇ ਭਾਈ ! ਜਦੋਂ ਇਹ ਜਗਤ ਗੁਰੂ ਦੀ ਬਾਣੀ ਸੁਣਦਾ ਹੈ ਗੁਰੂ ਦਾ ਸ਼ਬਦ ਸੁਣਦਾ ਹੈ ਅਤੇ ਗੁਰੂ ਦੇ ਪਿਆਰ ਵਿਚ ਮਗਨ ਹੁੰਦਾ ਹੈ । ਤਦੋਂ ਇਹ ਆਤਮਕ ਜੀਵਨ ਨਾਲ ਹਰਾ ਭਰਾ ਹੋ ਜਾਂਦਾ ਹੈ ।੧।

ਹੇ ਭਾਈ ! (ਜੀਵ ਦੇ ਆਪਣੇ ਵੱਸ ਦੀ ਗੱਲ ਨਹੀਂ ਹੈ । ਮਨੁੱਖਾ ਜੀਵਨ ਦੇ ਰੁੱਖ ਨੂੰ ਆਤਮਕ ਗੁਣਾਂ ਦੇ) ਫੁੱਲ ਫਲ (ਤਦੋਂ ਹੀ) ਲੱਗਦੇ ਹਨ ਜਦੋਂ ਪਰਮਾਤਮਾ ਆਪ ਹੀ ਲਾਂਦਾ ਹੈ । (ਜਦੋਂ ਪ੍ਰਭੂ ਦੀ ਮਿਹਰ ਨਾਲ ਮਨੁੱਖ ਨੂੰ) ਗੁਰੂ ਮਿਲਦਾ ਹੈ, ਤਦੋਂ ਮਨੁੱਖ ਸਾਰੇ ਜਗਤ ਦੇ ਸਿਰਜਣਹਾਰ ਵਿਚ ਜੁੜਦਾ ਹੈ ।੩।

ਹੇ ਭਾਈ ! ਇਹ ਸਾਰਾ ਜਗਤ (ਪਰਮਾਤਮਾ ਦੀ) ਬਗੀਚੀ ਹੈ, (ਇਸ ਨੂੰ ਹਰਾ-ਭਰਾ ਕਰਨ ਵਾਲਾ) ਬਸੰਤ ਭੀ ਉਹ ਆਪ ਹੀ ਹੈ । ਹੇ ਨਾਨਕ ! (ਮਾਇਆ ਦੇ ਮੋਹ ਤੋਂ) ਨਿਰਲੇਪ ਕਰਨ ਵਾਲੀ ਹਰਿ-ਭਗਤੀ ਵੱਡੀ ਕਿਸਮਤ ਨਾਲ ਹੀ (ਕਿਸੇ ਮਨੁੱਖ ਨੂੰ ਮਿਲਦੀ ਹੈ) ੪।੧ ੧

★★
★★

# ਰਾਗ ਬਸੰਤ-ਤਿੰਨ ਤਾਲ

(ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ ਵਿੱਚੋਂ ਧੰਨਵਾਦ ਸਹਿਤ)

| 0 | 2 | 3 | 4 |
|---|---|---|---|
| | ਸਥਾਈ :— | ਮੇਧੁ ਨੀਸਾਂ ਨੀ ਧੁ | ਪਧੁ ਮੇਪ ਮੇ ਗ |
| | | ਇS ਨੁS ਬਿ ਧਿ | ਇS ਹੁS ਮ ਨੂ |
| ਮੇ ਧੁ ਨੀ ਸਾਂ | ਰੁੰ — ਸਾਂ ਸਾਂ | ਸਾਂ ਨੀ ਧੁ ਸਾਂ | ਨੀ ਧੁ ਪ ਪ |
| ਹ ਰਿ ਆ S | ਹ S S ਇ | ਹ ਰਿ ਹ ਰਿ | ਨਾ S ਮੁ ਜ |
| ਮੇ ਗ ਗਮੇਧੁ ਗਮੇ | ਗ ਰੁ ਸਾ — | ਸ ਮ ਮ ਮ | ਮਮ ਮਮ ਗ — |
| ਪੈ S ਇSS ਨੁS | ਰਾ S ਤੀ S | ਗੁ ਰ ਮੁ ਖਿ | ਹਉ SS ਮੈ S |
| ਮੇਧੁ ਸਾਂ ਨੀਧੁ ਰੁੰ | ਸਾਂਨੀ ਧੁਪ ਮੇਗ ਮੇਗ | | |
| ਕS ਢੈ SS S | ਧੰS SS SS ਇ | | |
| | ਅੰਤਰਾ :— | ਮੇ ਗ — ਗ | ਮੇ ਧੁ ਮੇ ਧੁ |
| | | ਬ ਸੰ S ਤੁ | ਚ ੜਿ ਆ ਫੂ |
| ਮੇਧੁ ਨੀਸਾਂ ਸਾਂ ਸਾਂ | ਨੀਸਾਂ ਰੁੰਰੁੰ ਸਾਂ ਸਾਂ | ਗੰ — ਮੇਂ ਗੰ | — ਰੁੰ ਸਾਂ ਸਾਂ |
| ਲੀS SS ਬ ਨ | ਰਾS SS ਇ ਇਹੁ | ਜੀ S ਅ ਜੰ | S ਤ ਫੂ ਲਹਿ |
| ਸਾਂਨੀ ਧੁਨੀਰੁੰ ਗੰਰੁੰ ਸਾਂ | ਰੁੰਨੀ ਧੁਪ ਮੇਗ ਮੇਗ | | |
| ਹS ਰਿS ਚਿS ਤੁS | ਆS SS SS ਇS | | |

# ਰਾਗ ਬਸੰਤ, ਸੂਲਫ਼ਾਕ (ਦਰੁੱਤ ਲਯ)

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਿਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥

**ਅਰਥ :**—ਹੇ ਬੇਅੰਤ ਪ੍ਰਭੂ ! ਜਦੋਂ ਤੋਂ ਮੈਂ ਤੇਰੀ ਸਿਫ਼ਤਿ ਸਾਲਾਹ ਦੇ ਗੀਤ ਗਾਣੇ ਸ਼ੁਰੂ ਕੀਤੇ ਹਨ, ਤਦੋਂ ਤੋਂ ਹੁਣ ਮੇਰੇ ਹਿਰਦੇ-ਘਰ ਵਿਚ ਆਤਮਕ ਆਨੰਦ ਬਣਿਆ ਰਹਿੰਦਾ ਹੈ ।੧।ਰਹਾਉ।

ਹੇ ਭਾਈ ! (ਗੁਣ ਗਾਵਨ ਦੀ ਬਰਕਤਿ ਨਾਲ) ਮੈਨੂੰ ਗੋਬਿੰਦ ਜੀ ਮਿਲ ਪਏ ਹਨ, ਮੇਰੀ ਹਰੇਕ ਚਿੰਤਾ ਦੂਰ ਹੋ ਗਈ ਹੈ, ਹੁਣ ਮੇਰੇ ਹਿਰਦੇ ਵਿਚ ਬੜਾ ਆਨੰਦ ਬਣਿਆ ਪਿਆ ਹੈ, ਹੁਣ ਮੇਰੇ ਅੰਦਰ ਖੁਸ਼ੀਆਂ ਹੀ ਖੁਸ਼ੀਆਂ ਹਨ । (ਹੇ ਭਾਈ ! ਇਹ ਸਾਰੀ ਮਿਹਰ ਗੁਰੂ ਦੀ ਹੀ ਹੈ, ਇਸ ਵਾਸਤੇ) ਮੈਂ ਗੁਰੂ ਅੱਗੇ ਸਿਰ ਨਿਵਾ ਕੇ ਗੁਰੂ ਦੀ ਸੇਵਾ ਕਰਦਾ ਹਾਂ ।੧।

ਹੇ ਭਾਈ ! (ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਰਕਤਿ ਨਾਲ) ਮੇਰੇ ਅੰਦਰ (ਮਾਨੋ) ਫੱਗਣ ਦੀ ਹੋਲੀ ਬਣੀ ਪਈ ਹੈ, ਪ੍ਰਭੂ ਦੇ ਸੰਤ ਜਨ (ਸਾਧ ਸੰਗਤਿ ਵਿਚ) ਮਿਲ ਕੇ (ਇਹ ਹੋਲੀ ਖੇਡਣ ਲੱਗ ਪਏ ਹਨ । (ਹੇ ਭਾਈ ! ਇਹ ਹੋਲੀ ਕੀਹ ਹੈ ?) ਸੰਤ ਜਨਾਂ ਦੀ ਸੇਵਾ ਨੂੰ ਮੈਂ ਹੋਲੀ ਬਣਾਇਆ ਹੈ (ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ (ਆਤਮਕ) ਰੰਗ ਚੜ੍ਹ ਗਿਆ ਹੈ ।੧।

ਹੇ ਭਾਈ ! (ਪ੍ਰਭੂ ਦੇ ਗੁਣ ਗਾਵਣ ਦੀ ਬਰਕਤਿ ਨਾਲ) ਮੇਰਾ ਮਨ ਸੋਹਣਾ ਖਿੜ ਪਿਆ ਹੈ । (ਮੇਰੇ ਤਨ ਵਿਚ) ਆਤਮਕ ਖਿੜਾਉ ਦੀ ਤਰਾਵਤ ਕਦੇ ਮੁਕਦੀ ਨਹੀ । (ਹੁਣ ਮੇਰਾ ਮਨ) ਸਾਰੇ ਸਮਿਆਂ ਵਿਚ ਹੀ ਆਤਮਕ ਜੀਵਨ ਨਾਲ ਭਰਪੂਰ ਰਹਿੰਦਾ ਹੈ । ਮੈਨੂੰ ਗੁਰਦੇਵ ਜੀ ਮਿਲ ਪਏ ਹਨ ਮੇਰੇ ਅੰਦਰ ਸਦਾ ਖਿੜਾਉ ਬਣਿਆ ਰਹਿੰਦਾ ਹੈ ।

★—★

# ਰਾਗ ਬਸੰਤ, ਸੂਲਫਾਕ (ਦਰੁੱਤ ਲਯ)

ਅਸਥਾਈ

(ਧੰਨਵਾਦ ਸਹਿਤ ਪ੍ਰਿੰ. ਦਿਆਲ ਸਿੰਘ ਜੀ)

| ×  | | 0 | | ੨ | | ੩ | | 0 | |
|---|---|---|---|---|---|---|---|---|---|
| ਸੰ | — | ਨ | ਧ̱ | ਪ | — | ਗ<br>ਮੇ | — | ਗ | — |
| ਆ | S | ਜ | ਹ | ਮਾ | S | ਰੈ | S | S | S |
| ਧ̱<br>ਮੇ | ਮੇ | ਧ̱ | ਧ̱ | ਰ̱ੰ | — | ਸੰ | — | — | — |
| ਗ੍ਰਿ | ਹਿ | S | ਬ | ਸੰ | S | ਤ | S | S | S |
| ਨ | ਨ | ਰ̱ੰ | ਨ | ਧ̱ | — | ਪ | ਪ | — | — |
| ਗੁ | ਨ | ਗਾ | S | ਏ | S | ਪ੍ਰ | ਭ | S | S |
| ਗ<br>ਮੇ | ਮੇ | ਗ | ਮੇ | ਗ | ਰ̱ | ਸ | — | — | — |
| ਤੁ | ਮ | S | ਬੇ | ਅੰ | S | ਤ | S | S | S |
| | | | | | | ਅੰਤਰਾ :— | | | |
| ਧ̱<br>ਮੇ | ਮੇ | ਧ̱ | — | ਨ<br>ਸੰ | — | ਸੰ | ਸ | — | — |
| ਗੁ | ਰ | ਸੇ | S | ਵਉ | S | ਕ | ਰ | S | S |
| ਨ<br>ਧ̱ | ਧ̱ | ਸ<br>ਨ | ਸੰ | ਰ̱ੰ | — | ਸੰ | — | — | — |
| ਨ | ਮ | S | ਸ | ਕਾ | S | ਰ | S | S | S |
| ਗੰ | — | ਗੰ | ਮੇਂ | ਗੰ | ਰ̱ੰ | ਸੰ | — | — | — |
| ਆ | S | ਜ | ਹ | ਮਾ | S | ਰੈ | S | S | S |
| ਨ | — | ਧ̱ | ਧ̱ | ਰ̱ੰ | — | ਨ | — | ਮੇ | ਧ̱ |
| ਮੰ | S | ਗ | ਲ | ਚਾ | S | ਰ | S | S | S |

# ਪੰਜਾਬ ਵਿਚ ਧਾਰਮਿਕ ਸੰਗੀਤ ਦੀ ਪਰੰਪਰਾ

ਡਾ. ਦੇਵਿੰਦਰ ਸਿੰਘ ਵਿਦਿਅਰਥੀ

ਚਰਚਾ ਜਾਂ ਚਿੰਤਨ ਚੇਤਨ ਦਾ ਸਹਿਜ ਚੁਹਲ ਵੀ ਹੋ ਸਕਦਾ ਹੈ, ਚਿਨਮਈ ਦੀ ਚੌਖਟ ਉੱਤੇ ਚਿਦ-ਮਾਤ੍ਰ ਦਾ ਚੜ੍ਹਾਵਾ ਵੀ. ਇਹ ਚੁਲਬਲੀ ਚਤੁਰਾਈ ਦੀ ਚੰਚਲਤਾ ਵੀ ਹੋ ਸਕਦੀ ਹੈ ਅਤੇ ਚਿਰਸੰਚੀ ਚੰਗਿਆਈ ਦੀ ਚਾਰੂ ਵਾਚਿਕਤਾ ਵੀ [1] ਇਹ ਚੌਮੁਖੀ ਕ੍ਰਿਆ ਕਿਸੇ ਰੂਪ ਵਿਚ, ਕਿਧਰੇ ਵੀ ਕਿਉਂ ਨਾ ਹੋਵੇ, ਆਪਣੀ ਚੁਹੱਦੀ ਤੋਂ ਬਾਹਰੀ ਨਹੀਂ ਹੋ ਸਕਦੀ। ਇਹ ਚੁਹੱਦੀ ਧਰਾਤਲ, ਆਧਾਰ, ਵਸਤੂ ਤੇ ਵਿਸਤਾਰ ਤੋਂ ਸੇਧ ਲੈਂਦੀ ਹੈ। ਹੱਦੋਂ ਬਾਹਰ ਨਿਕਲੀ ਚਰਚਾ ਜਾਂ ਹੱਦਾਂ ਰਹਿਤ ਬੇਹੱਦ ਚਿੰਤਨ ਆਪਣੀ ਸਾਰਥਕਤਾ ਖੋ ਬੈਠਦੇ ਹਨ। ਆਮ ਤੌਰ ਤੇ, ਕਿਹਾ ਜਾ ਸਕਦਾ ਹੈ ਕਿ, ਵਿਸ਼ੇ ਦੀ ਰੂਪ-ਰੇਖਾ ਅੰਕਣ ਵਿਚ ਜਾਂ ਸਿਰਲੇਖ ਵਿਚ, ਸੰਬੰਧਿਤ ਚੌਹੱਦੀ ਦੇ ਸੰਕੇਤ ਸਮੋਏ ਹੁੰਦੇ ਹਨ।

ਹਥਲੇ ਵਿਚਾਰ-ਪੱਤਰ ਵਿਚ ਇਹ ਸੰਕੇਤ ਸਿਰਲੇਖ ਵਿਚ ਹੀ ਸਪਸ਼ਟ ਪ੍ਰਾਪਤ ਹੋ ਜਾਂਦੇ ਹਨ ਅਤੇ ਵਧੇਰੇ ਸਿਰ ਖਪਾਈ ਦੀ ਲੋੜ ਨਹੀਂ ਪੈਂਦੀ। ਇਸ ਸਿਰਲੇਖ ਵਿਚਲੇ ਚਾਰ ਸ਼ਬਦ ਇੱਛਿਤ ਚੁਹੱਦੀ ਬਾਰੇ ਕੁੰਜੀ ਦਾ ਕੰਮ ਦੇਣ ਵਿਚ ਸਮਰਥ ਪ੍ਰਤੀਤ ਹੁੰਦੇ ਹਨ। ਇਹ ਚਾਰੇ ਸ਼ਬਦ ਪੰਜਾਬ, ਧਾਰਮਿਕ, ਸੰਗੀਤ ਅਤੇ ਪਰੰਪਰਾ ਹਨ। ਪੰਜਾਬ ਵਿਚ ਚਿੰਤਨ ਦੇ ਖੇਤਰ ਦਾ ਸੂਚਕ ਹੈ, ਜੋ ਧਰਾਤਲ ਹੋਇਆ, ਧਾਰਮਿਕ ਨੂੰ ਆਧਾਰ ਮੰਨੀਏ, ਜਿਸ ਦੇ ਸਹਾਰੇ ਪੰਜਾਬ ਬਾਰੇ ਇਕ ਵਿਸ਼ਿਸ਼ਟ ਦਿਸ਼ਾ ਦੇ ਚਿੰਤਨ ਦਾ ਸੰਕੇਤ ਮਿਲਦਾ ਹੈ, ਸੰਗੀਤ ਤੋਂ ਉਸ ਵਸਤੂ ਦਾ ਬੋਧ ਹੁੰਦਾ ਹੈ ਜਿਸ ਬਾਰੇ ਘੋਖਣਾ ਹੈ ਅਤੇ ਪਰੰਪਰਾ ਤੋਂ ਕਾਲ ਨਾਲ ਸੰਬੰਧਿਤ ਵਿਸਤਾਰ ਦਾ ਆਭਾਸ ਉਭਰਦਾ ਹੈ।

ਨੀਤਸ਼ੇ ਨੇ ਠੀਕ ਕਿਹਾ ਸੀ 'ਹਜ਼ਾਰਾਂ ਰਾਹਾਂ ਹਨ ਜਿਨ੍ਹਾਂ ਉਤੇ ਅਸੀਂ ਪੈਰ ਨਹੀਂ ਪਾਇਆ, ਜੀਵਨ ਵਿਚ ਹਜ਼ਾਰਾਂ ਟਾਪੂ ਸਿਹਤਮੰਦ ਅਤੇ ਗੁੱਝੇ ਹਨ। ਮਨੁੱਖ ਦਾ ਸੰਸਾਰ ਅਜੇ ਭੀ ਅਖੰਡਿਤ ਅਤੇ ਅਣਭਿੱਠ ਹੈ।'[2] ਇਹ ਖੋਜ ਤੋਂ ਜੀ ਚੁਰਾਉਣ ਵਾਲਿਆਂ ਲਈ ਇਕ ਕਰਾਰੀ ਵੰਗਾਰ ਸੀ। ਇਸ ਵਿਚ ਸੰਦੇਹ ਨਹੀਂ ਕਿ ਕਾਲ ਦੀਆਂ ਬੋਝਲ ਪੈੜਾਂ ਹੇਠ ਲਤਾੜੇ ਜਾ ਕੇ ਅਨੇਕਾਂ ਤੱਥ ਚੂਰ ਚੂਰ ਹੋ ਕੇ ਕਣ ਕਣ ਹੋ ਗਏ ਹਨ, ਜਿਨ੍ਹਾਂ ਦੀ ਹੋਂਦ ਨੂੰ ਅੱਜ ਇਨਕਾਰਿਆ ਭਾਵੇਂ ਨਾ ਜਾ ਸਕਦਾ ਹੋਵੇ ਪਰ ਉਨ੍ਹਾਂ ਦੀ ਰੂਪ-ਰੇਖਾ ਦਾ ਵਜੂਦ ਮੁੜ ਪ੍ਰਤੱਖ-ਅਨੁਭਵ ਦਾ ਵਿਸ਼ਾ ਬਣਾ ਸਕਣਾ ਮਨੁੱਖੀ ਸੀਮਾ ਦੀ ਹੱਦੋਂ ਪਾਰ ਲੰਘ ਗਿਆ ਹੈ। ਪਰ, ਕਿੰਨੀਆਂ ਚੀਜ਼ਾਂ ਹਨ ਜਿਨ੍ਹਾਂ ਦੀ ਹੋਂਦ ਅੱਜ ਵੀ ਖਿਆਲੀ ਹੋਣ ਉਤੇ ਮਜ਼ਬੂਰ ਹੈ?

ਚਿੰਨ੍ਹਾਂਕਣ ਅਤੇ ਚਿਤਾਰਣ ਦੀ ਭੁੱਖ ਮਨੁੱਖੀ ਮਨ ਦੀ ਪੁਰਾਣੀ ਹੈ। ਹਰ ਸੂਝਵਾਨ ਮਾਨਵੀ-ਸਮਾਜ ਨੂੰ ਆਪਣੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਦੌਰ ਵਿਚ ਕੁਝ ਆਤਮ-ਚੇਤਨ ਚਿੰਤਕਾਂ ਦੀ ਸਹਾਇਤਾ ਨਾਲ ਆਪਣੀ ਇਤਿਹਾਸਕ ਦੇਣਦਾਰੀ, ਵਰਤਮਾਨ ਪ੍ਰਾਪਤੀਆਂ ਅਤੇ ਸਮੱਸਿਆਵਾਂ ਅਤੇ ਭਵਿੱਖ ਦੀਆਂ ਇੱਛਾਵਾਂ ਨੂੰ ਆਪਸ ਵਿਚ ਸਮਤੋਲਵਾਂ ਕਰਕੇ ਆਪਣੇ ਮੂਲ ਸਰੂਪ ਨੂੰ ਸਾਮ੍ਹਣੇ ਉਘਾੜ ਕੇ, ਪਛਾਣ ਕੇ ਸਪਸ਼ਟ ਕਰਨ ਦੀ ਲੋੜ ਪੈਂਦੀ ਆਈ ਹੈ।[3] ਆਪਣੇ ਵਿਰਸੇ ਦੀ ਪਰਖ-ਪਛਾਣ ਕਰਨ ਦਾ ਇਹ ਅਵਸਰ ਜਿੰਨਾਂ ਉੱਘੜ

ਕੇ ਅੱਜ ਸਾਡੀ ਜ਼ਿੰਦਗੀ ਨੂੰ ਵੰਗਾਰ ਪਾ ਰਿਹਾ ਹੈ, ਓਨੀ ਤੀਬਰਤਾ ਨਾਲ ਸ਼ਾਇਦ, ਪਹਿਲਾਂ ਕਦੇ ਸਾਡੇ ਸਾਮ੍ਹਣੇ ਆ ਹੀ ਨਹੀਂ ਸਕਿਆ ਸੀ। ਜਿਸ ਵਿਚਿਤ੍ਰ ਮੋੜ ਉਤੇ ਅਸੀਂ ਅੱਜ ਅੱਪੜੇ ਹਾਂ ਪਹਿਲਾਂ ਕਦੇ ਨਹੀਂ ਡਿੱਠਾ ਸੀ।

ਚਿੰਨ੍ਹਾਂਕਣ, ਚਿਤਵਣ, ਚਿਤਾਰਣ ਅਤੇ ਚਰਚਾ ਚਲਾਉਣ ਦੀ ਇਹ ਚੌਮੁਖੀ, ਪ੍ਰਕ੍ਰਿਆ ਚਿਰ-ਚਾਹੀ ਵੀ ਹੈ, ਚੰਗੀ ਵੀ, ਚੇਤਨ ਵੀ ਅਤੇ ਚਿਤ੍ਰਮਈ ਵੀ ਹੈ। ਪ੍ਰੰਤੂ, ਜਿਸ ਮੋੜ ਤੋਂ ਇਸ ਦਾ ਸ੍ਰੀ ਗਣੇਸ਼ ਕੀਤਾ ਜਾ ਰਿਹਾ ਹੈ ਇਸ ਨਾਲ ਜੁੜੇ ਅਧਿਐਨ ਵਿਧੀ ਦੇ ਪੱਖ ਤੋਂ ਵਿਗਿਆਨਕ ਨਹੀਂ ਹੋ ਸਕਦੇ ਕਿਉਂਕਿ ਇਸ ਵਿਸ਼ੇ ਨਾਲ ਜੁੜੇ ਅਨੇਕ ਤੱਥਾਂ ਦਾ ਜਿਉਂ ਕਾ ਤਿਉਂ ਪੱਤਰੀ ਕਰਨ ਰਾਹੀਂ ਵਿਸ਼ਲੇਸ਼ਨ ਸੰਭਵ ਨਹੀਂ ਹੋ ਸਕੇਗਾ, ਉਸ ਲਈ ਸਾਨੂੰ ਪੁਰਾਣੇ ਗ੍ਰੰਥਾਂ ਦੀ ਸ਼ਾਹਦੀ ਉਤੇ ਹੀ ਨਿਰਭਰ ਕਰਨਾ ਪਵੇਗਾ। ਇਨ੍ਹਾਂ ਵਿੱਚੋਂ ਬਹੁਤ ਗ੍ਰੰਥ ਵੀ ਅਜਿਹੇ ਹੋਣਗੇ ਜਿਨ੍ਹਾਂ ਦੇ ਲੇਖਕਾਂ ਦਾ ਆਧਾਰ ਭੀ ਦੁਜੈਲੀਆਂ ਸੂਚਨਾਵਾਂ ਹੀ ਰਹੀਆਂ ਹੋਣਗੀਆਂ। ਇਸ ਲਈ ਮੈਂ ਵੀ ਗਹਿਰੇ ਵਾਦ ਵਿਵਾਦ ਨਾ ਉਘਾੜ ਕੇ ਆਪਣੇ ਆਪ ਨੂੰ ਸਹਿਜ ਸੰਕੇਤਾਂ ਤਕ ਹੀ ਸੀਮਿਤ ਰੱਖਾਂਗਾ।

ਸਾਡੇ ਅਧਿਐਨ ਦੀ ਪਹਿਲੀ ਸੀਮਾਂ ਖੇਤਰ ਵਰਤੀ ਹੈ। ਬ੍ਰਹਮ ਅਤੇ ਮਾਯਾ ਦੇ ਸੰਕਲਪਾਂ ਵਾਂਗ ਇਸ ਦੇਸ਼ ਦੀਆਂ ਭੂਗੋਲਿਕ ਸੀਮਾਵਾਂ ਵੀ ਅਨੇਕ ਰੂਪ ਧਾਰਦੀਆਂ ਰਹੀਆਂ ਹਨ। ਕਦੇ ਇਹ ਸਿੰਧ ਨਦੀ ਦੇ ਪੱਛਮੀ ਕੰਢੇ ਦੇ ਪਾਰਲੇ ਪਾਸੇ ਤੋਂ ਸਰਸਵਤੀ ਨਦੀ ਦੇ ਪੂਰਬੀ ਕੰਢੇ ਦੇ ਪਾਰਲੇ ਪਾਸੇ ਤਕ ਪਸਰਿਆ ਹੋਇਆ ਸੀ। ਉਨ੍ਹੀ ਦਿਨੀ ਇਸ ਦੇਸ਼ ਦਾ ਨਾਉਂ ਸਪਤ ਸਿੰਧੂ ਸੀ। ਫੇਰ ਵਾਲ੍ਹੀਕ (ਬਲਖ) ਦੇ ਇਕ ਰਾਜ ਪਰਿਵਾਰ ਵੱਲੋਂ ਅਧਿਕਾਰ ਹੋ ਜਾਣ ਕਾਰਨ ਵਾਲ੍ਹੀਕ ਦੇਸ਼ ਨਾਉਂ ਪੈ ਗਿਆ। ਫੇਰ ਪੰਜ-ਨਦ ਦੇਸ਼ ਅਤੇ ਪੰਜਾਬ ਦੇਸ਼ ਬਣਿਆ ਅਖੀਰ ਪੰਜਾਂ ਦੀ ਥਾਂ ਢਾਈ ਦਰਿਆ ਬਾਕੀ ਰਹਿ ਗਏ, ਅੱਜ ਉਨ੍ਹਾਂ ਦੀ ਸਰਦਾਰੀ ਵੀ ਖਤਰੇ ਵਿਚ ਪੈਂਦੀ ਜਾਪਦੀ ਹੈ। ਇੰਝ ਰਾਜਨੀਤਕ ਵੰਡੀਕਾਰਾਂ ਰਾਹੀਂ ਇਸ ਦੇਸ਼ ਦਾ ਹੁਲੀਆ ਸਦਾ ਵਟਦਾ ਰਿਹਾ ਹੈ।

ਚਿੰਤਨ ਦੀ ਦੂਜੀ ਸੀਮਾਂ ਆਧਾਰ-ਵਿਆਪੀ ਏ ਜੋ ਧਾਰਮਿਕ ਦੇ ਸੰਕਤ ਵਿਚ ਵਿਹੜੀ ਹੈ। ਇਹ ਉਸ ਸਹਸ ਫਣੀ ਸ਼ੇਸ਼ਨਾਗ ਵਾਂਗ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਸੰਭਾ-ਲਿਆ ਹੋਇਆ ਹੈ। ਸ਼ੇਸ਼ਨਾਗ ਦਾ ਇਹ ਹਜ਼ਾਰ ਫਣੀ ਸਿਰ ਸੰਸਾਰ ਦੇ ਸੰਚਾਲਕ ਪਾਲਕ ਵਿਸ਼ਨੂੰ ਨੂੰ ਛਾਂ ਵੀ ਕਰਦਾ ਹੈ ਅਤੇ ਆਪਣੇ ਸਰੀਰ ਦੇ ਕੁੰਡਲਾਂ ਉਤੇ ਸੇਜ ਬਣਾ ਕੇ ਵੀ ਦਿੰਦਾ ਹੈ। ਇਸੇ ਹਜ਼ਾਰ ਫਣੀ ਸਿਰ ਦੇ ਹਜ਼ਾਰ ਮੂੰਹ ਹਰ ਪਲ ਨਵੇਂ ਨਵੇਂ ਨਾਵਾਂ ਨਾਲ ਵਿਸ਼ਨੂੰ ਦਾ ਸਹਸ੍ਰ ਨਾਮੀ ਜਸ ਜਪਦਾ ਰਹਿੰਦਾ ਹੈ। ਅਨੰਦ ਜਪ ਦੀ ਇਹ ਅਮੁੱਕ ਕ੍ਰਿਆ ਧਾਰਮਿਕ ਚਿੰਤਨ ਦੀ ਆਧਾਰ ਸ਼ਿਲਾ ਹੈ। ਅਸਲੋਂ ਇਹ ਸ਼ੇਸ਼ਨਾਗ ਦਾ ਸੰਕਲਪ ਇਕ ਮਿੱਥਿਕ ਸੰਕੇਤ ਹੈ। ਇਹ ਸੰਕੇਤ ਦੱਸਦਾ ਹੈ ਕਿ ਧਾਰਮਿਕ ਦਾ ਇਸ਼ਟ ਅਨੰਤ ਰੂਪੀ ਅਨੰਤ-ਪ੍ਰਕਾਰੀ ਹੈ।

ਤੀਜੀ ਸੀਮਾ ਵਿਸ਼ੇ ਦੇ ਬੀਜ-ਤੱਤ ਨਾਲ ਜੁੜੀ ਹੋਈ ਹੈ ਅਤੇ ਇਹ ਸੀਮਾ ਸੰਗੀਤ ਵਿਸ਼ੇ ਦੀ ਹੈ। ਸੰਗੀਤ, ਜਿਵੇਂ ਸਾਰੇ ਜਾਣਦੇ ਹਨ, ਗਾਉਣ, ਵਜਾਉਣ ਅਤੇ ਨੱਚਣ ਦੀਆਂ ਤਿੰਨ੍ਹ ਕਲਾਤਮਕ ਕ੍ਰਿਆਵਾਂ ਦਾ ਸਮੂਹ ਹੈ। ਗੀਤ ਅੱਗੋਂ ਛੰਦ-ਸ਼ਾਸਤ੍ਰ, ਕਾਵਿ-ਸ਼ਾਸਤਰ ਅਤੇ ਭਾਸ਼ਾ ਸ਼ਾਸਤ੍ਰ ਨਾਲ ਜੁੜਿਆ ਹੈ; ਇਹ ਗਾਉਣ ਦਾ ਮੂਲ ਹੈ। ਵਜਾਉਣ

ਨਾਲ ਰਾਗ-ਵਿਦਿਆ, ਤਾਲ-ਵਿਦਿਆ ਅਤੇ ਵਾਜੰਤ੍ਰ-ਵਿਦਿਆ ਜੁੜੇ ਹਨ; ਇਸ ਦੀਆਂ ਸਾਂਝਾਂ ਦਾ ਵਿਸਥਾਰ ਗਾਉਣ ਅਤੇ ਨੱਚਣ ਦੀਆਂ ਕ੍ਰਿਆਵਾਂ ਨਾਲ ਹੈ। ਇਵੇਂ ਹੀ ਨੱਚਣ ਦੀ ਕ੍ਰਿਆ ਭਾਵ-ਬੋਧ, ਭੰਗਿਮਾ ਜਾਂ ਮੁਦ੍ਰਾ-ਬੋਧ ਅਤੇ ਗਤੀ ਨਾਲ ਬੱਝੀ ਹੈ। ਇਹ ਤਿੰਨੇ ਕ੍ਰਿਆਵਾਂ ਅੰਤਰ-ਆਤਮੇ ਲਯ ਦੀਆਂ ਆਝੀਆਂ ਹਨ। ਸੰਗੀਤ ਦੀ ਗਿਣਤੀ ਪ੍ਰਮੁਖ ਕੋਮਲ ਕਲਾ-ਕ੍ਰਿਆਵਾਂ ਵਿਚ ਹੁੰਦੀ ਹੈ, ਧਰਮ ਨਾਲ ਇਸ ਦਾ ਸਾਥ ਜਨਮ ਤੋਂ ਹੈ।

ਚੌਥੀ ਅਤੇ ਅੰਤਿਮ ਸੀਮਾ ਪਰੰਪਰਾ ਦੀ ਹੈ। ਪਰੰਪਰਾ ਦਾ ਭਾਵ ਕਾਲ ਦੇ ਵਿਸਤਾਰ ਵਿਚ ਵਿਙ੍ਰਿਆ ਹੈ। ਜਦੋਂ ਕੋਈ ਕ੍ਰਿਆ ਕਾਲ ਦੇ ਪਸਾਰ ਵਿਚ ਲੰਮੇ ਸਮੇਂ ਲਈ ਨਿਰੰਤਰ ਆਪਣੀ ਹੋਂਦ ਬਣਾਈ ਰੱਖਣ ਵਿਚ ਸਮਰਥ ਹੁੰਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਇਹ ਹੋਂਦ ਗਤ ਕਾਇਮ ਹੈ। ਮੋਟੇ ਤੌਰ ਉਤੇ ਪਰੰਪਰਾ ਤੋਂ ਭਾਵ ਉਸ ਕ੍ਰਿਆ ਦੀ ਵਰਤੋਂ ਵਿਚ ਚਿਰ ਵਿਆਪੀ ਹੋਂਦ ਤੋਂ ਅੱਗੋਂ ਲਈ ਵੀ ਉਸ ਦੇ ਚਿਰ-ਸਥਾਈ ਹੋਣ ਦੀ ਸੰਭਾਵਨਾ ਵੱਲ ਸੰਕੇਤ ਕਰਨਾ ਹੁੰਦਾ ਹੈ। ਸਾਡੇ ਦੇਸ਼ ਵਿਚ ਇਕ ਸਹਿਜ ਪਰੰਪਰਾ ਇਹ ਹੈ ਕਿ ਹਰ ਪਰੰਪਰਾ ਦਾ ਖੋਜ ਵੇਦ-ਕਾਲ ਜਾਂ ਵੇਦ ਵਿਚ ਉਲੇਖ ਤਕ ਲਾਇਆ ਜਾਂਦਾ ਹੈ। ਹਥਲੇ ਅਧਿਐਨ ਦੀ ਟੋਹ ਸ਼ਾਇਦ ਇਸ ਤੋਂ ਵੀ ਅੱਗੇ ਚਲੀ ਜਾਂਦੀ ਪਰ ਪ੍ਰਮਾਣਾਂ ਦੀ ਥੁੜ ਰੋਕ ਲੈਂਦੀ ਹੈ।

ਹੁਣ ਤਕ ਦੀ ਚਰਚਾ ਤੋਂ ਇਹ ਗੱਲ ਤਾਂ ਬਿਨਾਂ ਸੰਸੇ ਸਪਸ਼ਟ ਹੋ ਗਈ ਹੋਵੇਗੀ ਕਿ ਹਥਲਾ ਕਾਰਜ ਬਹੁ-ਪੱਖੀ ਅਤੇ ਬਹੁ-ਵਿਸਥਾਰ ਵਾਲਾ ਹੈ ਪ੍ਰੰਤੂ ਇਹ ਕਹਿਣ ਅਤੇ ਅਤੇ ਮੰਨਣ ਵਿਚ ਸ਼ੰਕਾ ਜਾਂ ਝਿਜਕ ਨਹੀਂ ਹੋ ਸਕਦੀ ਕਿ ਇਸ ਮੰਤਵ ਲਈ ਸਾਧਨਾ ਅਤੇ ਸਾਧਨ ਸੁਲਭ ਨਹੀਂ ਹਨ। ਪ੍ਰਮਾਣਿਕ ਸਾਮੱਗਰੀ ਦੀ ਥੁੜ ਹੋਰ ਵੀ ਜ਼ਿਆਦਾ ਹੈ। ਪ੍ਰਮਾਣ ਉਸ ਤੋਂ ਭੀ ਘੱਟ ਹਨ। ਇਹ ਅਧਿਐਨ ਜੇਕਰ ਪਹਿਲਾ ਨਾ ਵੀ ਕਿਹਾ ਜਾ ਸਕੇ ਤਾਂ ਭੀ ਯਕੀਨੀ ਤੌਰ ਉਤੇ ਗੌਣਵੇਂ ਪਹਿਲੇ ਜਤਨਾਂ ਵਿਚ ਜ਼ਰੂਰ ਗਿਣਿਆ ਜਾਣ ਯੋਗ ਹੋਵੇਗਾ ਹੀ, ਇਹ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ। ਉਂਝ ਤੇ ਹਰ ਕਾਰਜ, ਜੋ ਈਮਾਨਦਾਰੀ ਨਾਲ ਹੱਥ ਵਿਚ ਲਿਆ ਜਾਂਦਾ ਹੈ, ਹਨ੍ਹੇਰੇ ਨੂੰ ਚੀਰਦਾ ਪਹਿਲਾ ਕਦਮ ਹੁੰਦਾ ਹੈ, ਪਰ ਪੈਂਡੇ ਦਾ ਪਹਿਲਾ ਕਦਮ ਹੋਵੇ ਜ਼ਰੂਰੀ ਨਹੀਂ।

ਕੋਈ ਵੀ ਖੋਜ ਕਾਰਜ, ਕਿੰਨੀ ਵੀ ਸੁਘੜਤਾ, ਸੁਚੱਜ ਅਤੇ ਸੂਝਵਾਨੀ ਨਾਲ ਸਿਰੇ ਚੜ੍ਹਾਇਆ ਜਾਵੇ, ਕਦੇ ਆਪਣੇ ਆਪ ਵਿਚ ਪੂਰਣ ਨਹੀਂ ਹੁੰਦਾ। ਜੇਕਰ ਅਜਿਹੀ ਪੂਰਣਤਾ ਸੰਭਵ ਹੋਵੇ ਤਾਂ ਉਹ ਖੋਜ ਕ੍ਰਿਆ ਦੀ ਘਾਤਕ ਸਿੱਧ ਹੋਵੇਗੀ। ਇਸ ਲਈ ਆਪਣੀਆਂ ਭੁੱਲਾਂ, ਤਰੁਟੀਆਂ ਅਤੇ ਭੁਲੇਖਿਆਂ ਲਈ ਖਿਮਾ ਮੰਗ ਲੈਣਾ ਭੀ ਭਲਮਾਣਸੀ ਅਤੇ ਸਿਆਣਪ ਦਾ ਕੰਮ ਹੁੰਦਾ ਹੈ। ਮੈਂ ਇਸ ਤੋਂ ਕੁਝ ਵੱਧ ਮੰਗਣ ਦਾ ਹੱਕਦਾਰ ਹਾਂ ਕਿਉਂਕਿ ਮੈਂ ਹੁਣ ਜ਼ਿੰਦਗੀ ਦੇ ਉਸ ਮੋੜ ਦੇ ਅੱਪੜ ਲਿਆ ਹਾਂ ਜਿਥੋਂ 'ਸਤਰਾ ਕਾ ਮਤਿ ਹੀਣ ਕਹਾਵੇ' ਵਾਲੀ ਅਵਸਥਾ ਸਾਹਮਣੇ ਮੂੰਹ ਅੱਡੀ ਖੜ੍ਹੀ ਹੈ, ਇਸ ਲਈ ਮੈਂ ਕੇਵਲ ਖਿਮਾ ਮੰਗ ਕੇ ਪਿੰਡ ਛੁਡਾਉਣਾ ਕਾਫੀ ਨਹੀਂ ਸਮਝਦਾ, ਮੈਂ ਆਪ ਤੋਂ ਆਪਣੀਆਂ ਕਮੀਆਂ ਪੂਰੀਆਂ ਕਰਨ ਦੀ ਆਸ ਰੱਖਦਾ ਹਾਂ।

ਵੇਦ ਜਿਨ੍ਹੀ ਅਜੇ ਅੰਤ੍ਰਿਮ ਸਤ੍ਰਯ ਹੀ ਸੀ ਅੰਤਿਮ ਸਤ੍ਰਯ ਦੇ ਰੂਪ ਵਿਚ ਸਥਾਪਿਤ ਨਹੀਂ ਸੀ ਹੋ ਪਾਇਆ ਅਤੇ ਆਰੀਆਂ ਸਭਿਅਤਾ ਅਜੇ ਹੁੱਲੜ-ਬਾਜ ਸੱਤਾ ਆਕਾਂਖੀਆਂ ਦੀ ਟੋਲੀ ਤੋਂ ਵਧੇਰੇ ਦਰਜਾ ਨਹੀਂ ਰੱਖਦੀ ਸੀ, ਪੰਜਾਬ ਦੀ ਧਰਤੀ (ਭਾਵੇਂ ਭੂਗੋਲਿਕ ਨਾਮ ਕੁਝ ਵੀ ਰਿਹਾ ਹੋਵੇ) ਨੂੰ ਦਰਿਆ ਓਦੋਂ ਵੀ ਸਿੰਜ ਕੇ ਹਰੀ ਭਰੀ ਰੱਖਦੇ ਸਨ, ਲੋਕਾਂ

ਵਿਚ ਕੋਈ ਨਾ ਕੋਈ ਧਰਮ-ਭਾਵਨਾ ਓਨ੍ਹੀ ਦਿਨੀ ਵੀ ਪ੍ਰਧਾਨ ਸੀ, ਫੇਰ ਚਾਹੇ ਧਰਮ ਭਾਵਨਾ ਚਾਹੇ ਮਤ੍ਸ ਅਵਤਾਰ ਪ੍ਰਤੀ ਹਰ ਹੋਵੇ, ਚਾਹੇ ਧਰਮ-ਦੇਵਤਾ ਦੇ ਨਾਮਾਂ ਨਾਲ ਜਾਣੇ ਜਾਣ ਵਾਲੇ ਕੱਛਪਾ ਅਵਤਾਰ ਪ੍ਰਤੀ, ਚਾਹੇ ਵਰਾਹ ਅਵਤਾਰ ਜਾਂ ਨਰਸਿੰਹ ਜਾਂ ਕਿਸੇ ਹੋਰ ਪਿੱਛੋਂ ਹੋਏ ਅਵਤਾਰ ਪਤੀ, ਉਸ ਦੀ ਮਹਿਮਾ ਪੂਜਾ ਲਈ ਸੰਗੀਤ ਦੀਆਂ ਧੁਨਾਂ ਉਸ ਉਸ ਸਮੇਂ ਵੀ ਸਨ ।

ਇਹ ਗੱਲ ਹੁਣ ਸਾਰੇ ਵਿਦਵਾਨਾਂ ਵਿਚ ਪ੍ਰਵਾਨਗੀ ਪਾ ਚੁੱਕੀ ਹੈ ਕਿ ਵੇਦ ਇਸ ਦੇਸ਼ ਦਾ ਸਭ ਤੋਂ ਪੁਰਾਣਾ ਲਿਖਤੀ ਗਿਆਨ ਸੰਗ੍ਰਹਿ ਹੈ । ਇਹ ਵੀ ਮੰਨ ਲਿਆ ਹੈ ਕਿ ਵੇਦ ਦੀ ਰਚਨਾ ਅਤੇ ਸੰਪਾਦਨ ਦਾ ਕਾਰਜ ਬਿਆਸਾ ਨਦੀ ਤੋਂ ਲੈ ਕੇ ਸਰਸਵਤੀ ਨਦੀ ਦੇ ਆਰ-ਪਾਰਲੇ ਖੇਤਰ ਵਿਚ ਵਸਦੇ ਰਿਖੀ-ਆਸ਼ਰਮਾਂ ਵਿਚ ਸਿਰੇ ਚੜ੍ਹਿਆ । ਇਵੇਂ ਹੀ ਇਹ ਤੱਥ ਵੀ ਮੰਨਿਆ ਗਿਆ ਹੈ ਕਿ ਭਾਰਤੀ ਸੰਗੀਤ ਅਤੇ ਉਸ ਨਾਲ ਜੁੜੀਆਂ ਕਲਾ-ਰੀਤਾਂ ਦਾ ਮੂਲ ਸੋਮਾਂ ਵੇਦ ਵਿਚ ਬਖਾਨ ਕੀਤੇ ਗਏ ਯੱਗਾਂ-ਹਵਨਾਂ ਨਾਲ ਜੁੜੇ ਕਰਮ-ਕਾਂਡ ਦੇ ਆਸਰੇ ਵਿਗਸਿਆ ਵਿਸਤਰਿਆ ਹੈ । ਅਵਤਾਰ-ਵਾਦ ਅਤੇ ਭਗਤੀ ਦੀ ਭਾਵਨਾ ਚਾਹੇ ਵੈਦਿਕ-ਚਿੰਤਨ ਦੀ ਦੇਣ ਨਾ ਵੀ ਕਹੀ ਜਾਵੇ ਤਾਂ ਵੀ ਵੇਦ ਲਈ ਓਪਰ ਨਹੀਂ ।

ਇਸ ਤੱਥ ਦੇ ਪੁਸ਼ਟ ਪ੍ਰਮਾਣ ਮਿਲਦੇ ਹਨ ਕਿ ਆਰੀਆਂ ਤੋਂ ਪਹਿਲਾਂ ਸਿੰਧ-ਸਭਿਅਤਾ ਦੇ ਸਮੇਂ ਵਿਚ ਵਰਿੱਤ੍ਰ ਦਾ ਰਾਜ ਸੀ ਅਤੇ ਵਰਿੱਤ੍ਰ ਨੇ ਇੰਦ੍ਰ ਪਾਸੋਂ ਪ੍ਰਾਣ-ਦਾਨ ਮੰਗਦੇ ਹੋਏ ਉਸ ਨੂੰ ਸਾਮ, ਰਿਗ ਅਤੇ ਯਜੁਰ ਵਿਦਿਆ ਦੇ ਸਾਰੇ ਭੇਤ ਸਮਝਾ ਦਿੱਤੇ ਸਨ । ਇੰਦਰ ਨੂੰ ਜਦੋਂ ਪਤਾ ਲੱਗ ਗਿਆ ਕਿ ਹੁਣ ਪ੍ਰਾਣ-ਭਿਖਿਆ ਦੇ ਬਦਲੇ ਵਿਚ ਦੇਣ ਲਈ ਵਰਿੱਤ੍ਰ ਪਾਸ ਕੋਈ ਗੁਣ ਨਹੀਂ ਰਹਿ ਗਿਆ ਤਾਂ ਉਸ ਨੇ ਵੱਜਰ ਦੀ ਸੱਟ ਨਾਲ ਵਰਿੱਤ੍ਰ ਦੇ ਪ੍ਰਾਣਾਂ ਦਾ ਘਾਣ ਕਰ ਦਿੱਤਾ । ਕਿਉਂਕਿ ਆਰੀਆਂ ਵਿਚੋਂ ਵੈਦਿਕ ਗਿਆਨ ਲੈਣ ਵਾਲਾ ਪਹਿਲਾ ਬੰਦਾ ਇੰਦਰ ਸੀ ਇਸ ਲਈ ਇਹ ਮੰਨਣ ਵਿਚ ਸੰਦੇਹ ਨਹੀਂ ਹੋ ਸਕਦਾ ਕਿ ਵਰਿੱਤ੍ਰ ਅਤੇ ਉਸ ਦੀ ਪਰਜਾ ਵਿਚ ਸਾਮ-ਗਾਨ ਦੀ ਕੋਈ ਰੀਤ ਜ਼ਰੂਰ ਰਹੀ ਹੋਵੇਗੀ । ਉਸ ਦਾ ਸਰੂਪ ਆਰੀਆ ਢੰਗ ਤੋਂ ਵੱਖ ਹੋ ਸਕਦਾ ਹੈ ।

ਆਰੀਆਂ ਦੇ ਅਧਿਕਾਰ ਵਿਚ ਆਉਣ ਨਾਲ ਯਕੀਨਨ ਪੁਰਾਣੀਆਂ ਯੱਗ ਕਰਨ ਦੀਆਂ ਵਿਧੀਆਂ ਵਿਚ ਕੋਈ ਤਬਦੀਲੀਆਂ ਆਈਆਂ ਹੋਣਗੀਆਂ । ਪ੍ਰੰਤੂ ਸਾਮ-ਗਾਨ ਦੀ ਪ੍ਰੰਪਰਾ ਆਪਣੇ ਬੀਜ-ਰੂਪ ਵਿਚ ਓਵੇਂ ਜਿਵੇਂ ਬਣੀ ਰਹੀ । ਸੰਹਿਤਾਵਾਂ ਵਿਚਲੇ ਆਰਣਿ-ਯਕ ਗਾਨ ਅਤੇ ਗ੍ਰਹਿ-ਗਾਨ ਵੀ ਹਰੀ ਕਾਈਮ ਬਣੇ ਰਹੇ । ਸਾਮ-ਗਾਨ ਨੇ ਆਰੀਆਈ ਯੁੱਗ ਵਿਚ ਕੁਝ ਵੀ ਰੂਪ ਕਿਉਂ ਨਾ ਵਟਾਇਆ ਹੋਵੇ ਪਰ ਉਹ ਲੋਕ-ਸੰਗੀਤ ਦੀ ਪੱਧਰ ਉਤੇ ਕਦੇ ਨਹੀਂ ਉਤਰ ਸਕਿਆ । ਸਾਮਗਾਨ ਦਾ ਸੰਚਾਲਣ ਸਦਾ ਹੀ, ਇਸ ਕਾਰਜ ਲਈ ਸਧੇ ਹੋਏ ਹੱਥਾਂ ਵਿਚ ਬਣਿਆ ਰਿਹਾ । ਇਹ ਸਧੇ ਹੋਏ ਹੱਥ ਬ੍ਰਾਹਮਣਾਂ ਜਾਂ ਵੱਧ ਤੋਂ ਵੱਧ ਉਨ੍ਹਾਂ ਵੇਦ ਦੀ ਪਰੰਪਰਾ ਦੇ ਜਾਣੂ ਖੱਤਰੀ ਰਾਜਿਆਂ ਦੇ ਸਨ ਜੋ ਆਪ ਪੁਰੋਹਿਤ ਗੀਰ ਤੋਂ ਜਾਣੂੰ ਹੋ ਗਏ ਸਨ ।

(ਚਲਦਾ)

ਫੁੱਟ ਨੋਟ ਤੇ ਹਵਾਲੇ —

1. ਵਿਦਿਆਰਥੀ, ਦੇਵਿੰਦਰ ਸਿੰਘ, ਪੰਜਾਬੀ ਵਿਚ ਖੋਜ-ਸਾਧਨ ਅਤੇ ਸਾਧਰਨਾ, ਪ੍ਰਕਾਸ਼ਨ ਅਧੀਨ ।
2. ਨਿਤਸ਼ੇ, ਦਸ ਸਪੇਕ ਜ਼ਰਤੁਸ਼ਤ, 1.22.2